



ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਮੁੱਖ ਸੰਪਾਦਕ ਸਰਬਜੋਤ ਸਿੰਘ ਸੰਧਾ www.fatehtimesmedia.com Email- fatehtimes1699@gmail.com


ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।



ਮੁੱਖ ਸੰਪਾਦਕ
ਸਰਬਜੋਤ ਸਿੰਘ ਸੰਧਾ


ਰਜਿ ਨੰ : ਪੀ ਬੀ 22000167 ਫਤਿਹਾਬਾਦ , ਐਤਵਾਰ 1 ਫਰਵਰੀ 2026, (ਮੂਲ ਨਾਨਕਸ਼ਾਹੀ 20 ਮਾਘ, ਨਾਨਕਸ਼ਾਹੀ 19 ਮਾਘ) ਸੰਮਤ 557 ਸਾਲ: 4, ਅੰਕ 322, ਪੰਨੇ: 4, ਮੁੱਲ: 4 ਰੁਪਏ


## ਪੀਐਮਓ ਨੇ ਪੰਜਾਬ ਦੌਰੇ ਦੌਰਾਨ ਪ੍ਰੋਗਰਾਮ ਦੀ ਰੂਪ-ਰੇਖਾ ਕੀਤੀ ਤਿਆਰ,ਹਵਾਈ ਅੱਡੇ ਦੇ ਉਦਘਾਟਨ ਨਾਲ ਡੇਰਾ ਸੱਚਖੰਡ ਬੱਲਾਂ ਹੋਣਗੇ ਨਤਮਸਤਕ

ਫਤਿਹ ਟਾਈਮਜ਼

### ਪੀ ਐਮ ਦੀ ਜਲੰਧਰ ਫੇਰੀ





ਨਵੀਂ ਦਿੱਲੀ, 31 (ਫਤਿਹ ਟਾਈਮਜ਼ ਬਿਊਰੋ) ਪ੍ਰਧਾਨ ਮੰਤਰੀ ਦਫ਼ਤਰ (ਪੀਐਮਓ) ਨੇ ਸ਼ਨੀਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਐਤਵਾਰ ਨੂੰ ਸੰਤ ਗੁਰੂ ਰਵਿਦਾਸ ਦੀ 649ਵੀਂ ਜਯੰਤੀ ਮਨਾਉਣ ਲਈ ਪੰਜਾਬ ਦਾ ਦੌਰਾ ਕਰਨਗੇ। ਇੱਕ ਅਧਿਕਾਰਤ ਬਿਆਨ ਅਨੁਸਾਰ, ਮੋਦੀ ਜਲੰਧਰ ਜ਼ਿਲ੍ਹੇ ਦੇ ਡੇਰਾ ਸੱਚਖੰਡ ਬੱਲਾਂ ਜਾਣਗੇ, ਜਿੱਥੇ ਉਹ ਸੰਤ ਗੁਰੂ ਰਵਿਦਾਸ ਦੇ ਸਨਮਾਨ ਵਿੱਚ ਇੱਕ ਜਨਤਕ ਪ੍ਰੋਗਰਾਮ ਵਿੱਚ ਹਿੱਸਾ ਲੈਣਗੇ। ਸ਼ਾਮ ਲਗਭਗ 4:30 ਵਜੇ, ਪ੍ਰਧਾਨ ਮੰਤਰੀ ਸੰਤ ਗੁਰੂ ਰਵਿਦਾਸ ਦੀ ਤਸਵੀਰ ਅਤੇ ਡੇਰੇ ਦੇ ਦੂਜੇ ਗੱਦੀ-ਨਸ਼ੀਨ ਸੰਤ ਸਰਵਣ ਦਾਸ ਦੀ ਮੂਰਤੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ। 'ਸ਼ਾਮ ਲਗਭਗ 4:45 ਵਜੇ, ਪ੍ਰਧਾਨ ਮੰਤਰੀ ਮੰਚ 'ਤੇ ਪਹੁੰਚਣਗੇ, ਅਤੇ ਲਗਭਗ 5:00 ਵਜੇ, ਉਹ ਇਸ ਮੌਕੇ 'ਤੇ ਇਕੱਠ ਨੂੰ ਸੰਬੋਧਨ ਕਰਨਗੇ,' ਪੀਐਮਓ ਨੇ ਕਿਹਾ। ਇਸ ਤੋਂ ਪਹਿਲਾਂ, ਪ੍ਰਧਾਨ ਮੰਤਰੀ ਦੁਪਹਿਰ ਲਗਭਗ 3:45 ਵਜੇ ਆਦਮਪੁਰ ਹਵਾਈ ਅੱਡੇ ਦਾ ਦੌਰਾ ਕਰਨਗੇ ਅਤੇ ਇਸਦਾ ਨਵਾਂ ਨਾਮ ਸ਼੍ਰੀ ਗੁਰੂ ਰਵਿਦਾਸ ਜੀ ਹਵਾਈ ਅੱਡਾ, ਆਦਮਪੁਰ ਰੱਖਣਗੇ। ਉਹ ਪੰਜਾਬ ਦੇ ਲੁਧਿਆਣਾ ਵਿੱਚ ਹਲਵਾਰਾ ਹਵਾਈ ਅੱਡੇ 'ਤੇ ਟਰਮੀਨਲ ਇਮਾਰਤ ਦਾ ਉਦਘਾਟਨ ਵੀ ਕਰਨਗੇ। ਸੰਤ ਗੁਰੂ ਰਵਿਦਾਸ ਜੀ ਦੀ 649ਵੀਂ ਜਨਮ ਵਰ੍ਹੇਗੰਢ ਦੇ ਸ਼ੁਭ ਮੌਕੇ 'ਤੇ, ਆਦਮਪੁਰ ਹਵਾਈ ਅੱਡੇ ਦਾ ਨਾਮ ਬਦਲਣਾ ਸਤਿਕਾਰਯੋਗ ਸੰਤ ਅਤੇ ਸਮਾਜ ਸੁਧਾਰਕ ਦਾ ਸਨਮਾਨ ਕਰਦਾ ਹੈ ਜਿਨ੍ਹਾਂ ਦੀਆਂ ਸਮਾਨਤਾ, ਦਇਆ ਅਤੇ ਮਨੁੱਖੀ ਮਾਣ ਦੀਆਂ ਸਿੱਖਿਆਵਾਂ ਭਾਰਤ ਦੇ ਸਮਾਜਿਕ ਸਿਧਾਂਤਾਂ ਨੂੰ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ, ਪੀਐਮਓ ਦੇ ਬਿਆਨ ਵਿੱਚ ਕਿਹਾ ਗਿਆ ਹੈ।

## ਕੀ ਕਾਂਗਰਸ 2027 'ਚ ਪੰਜਾਬੀਆਂ ਦਾ ਮਨ ਜਿੱਤ ਪਾਏਗੀ?

### ਸਰਬਜੋਤ ਸਿੰਘ ਸੰਧਾ

ਫਤਿਹ ਟਾਈਮਜ਼

ਪੰਜਾਬ ਦੇ ਲੋਕ ਜਿਨਾ ਨੇ 2022 ਦੀਆਂ ਵਿਧਾਨ ਸਭਾ ਚੋਣਾ ਵਿਚ ਅਕਾਲੀ ਦਲ ਤੇ ਕਾਂਗਰਸ ਪਾਰਟੀ ਨੂੰ ਨਕਾਰ ਕੇ 'ਆਪ' ਨੂੰ ਇੱਕ ਮੌਕਾ ਦਿੱਤਾ ਸੀ ਉਹ ਵੀ ਇਤਿਹਾਸਕ ਫਤਵੇ ਦੇ ਨਾਲ 92 ਸੀਟਾਂ ਜਿਤਾ ਕੇ 'ਆਪ' ਸਰਕਾਰ ਦੀ ਕਾਰਗੁਜ਼ਾਰੀ ਤੋ ਪੰਜਾਬ ਦੇ ਲੋਕ ਕਿੰਨੇ ਖੁਸ਼ ਹਨ ਇਹ 'ਆਪ' ਦੀਆਂ ਹੋ ਰਹੀਆਂ ਰੈਲੀਆਂ ਦੇ ਇਕੱਠ ਤੋ ਪਤਾ ਚੱਲਣ ਲੱਗ ਪਿਆ ਹੈ।ਅੱਜ ਗੱਲ ਕਰਦੇ ਹਾਂ ਕਿ ਕੀ ਕਾਂਗਰਸ 2027 'ਚ ਸਰਕਾਰ ਬਣਾ ਸਕੇਗੀ ਜਾਂ ਨਹੀ।ਇਹ ਤਾ ਸੰਭਵ ਹੋ ਸਕਦਾ ਜੇ ਖੇਰੂ ਖੇਰੂ ਹੋਏ ਪੰਜਾਬ ਕਾਂਗਰਸ ਦੇ ਆਗੂ ਇੱਕ ਮੰਚ ਤੇ ਖਲੋ ਕੇ ਪੰਜਾਬ ਦੇ ਲੋਕਾਂ ਦੇ ਅੱਜ ਦੇ ਮੁੱਦਿਆ ਤੇ ਪਹਿਰਾ ਦੇਣ। ਇਹ ਨਹੀ ਕੇ ਲੁਧਿਆਣਾ ਦੀ ਜਿਮਨੀ ਚੋਣ ਤਰਾ ਆਪਸ ਵਿਚ ਹੀ ਪੇਚੇ ਫਸਾਈ ਰੱਖਣ।ਅੱਜ ਪੰਜਾਬ ਲੱਭ ਰਿਹਾ ਹੈ ਉਹ ਲੀਡਰਸ਼ਿਪ ਜਿਹੜੀ ਉਹਨਾਂ ਦੇ ਮਸਲਿਆਂ ਤੇ ਉਨ੍ਹਾਂ ਦੀ ਆਵਾਜ ਬਣ ਕੇ ਖੜੇ ਨਾ ਕਿ ਆਪਸ ਉਲਝੀ ਫਿਰੇ।ਪਿੰਡਾਂ ਥਾਵਾਂ ਤੇ 2027 ਦੀਆਂ ਚੋਣਾਂ ਦੀ ਚਰਚਾ ਛਿੜ ਚੁੱਕੀ ਹੈ ਬਸ ਦੇਖਣਾ ਇਹ ਹੋਵੇਗਾ ਕਿ ਕਾਂਗਰਸ ਪੰਜਾਬੀਆਂ ਦਾ ਮਨ ਜਿਤਣ ਚ ਕਾਮਯਾਬ ਹੁੰਦੀ ਹੈ ਜਾਂ ਨਹੀ।

## ਸ਼੍ਰੋਮਣੀ ਕਮੇਟੀ ਦੇ ਧਿਆਨ ’ਚ ਲਿਆਂਦੇ ਬਿਨਾਂ ਪੁਲਿਸ ਦੁਆਰਾ ਕੀਤੀ ਕਾਰਵਾਈ ਪ੍ਰਬੰਧਾਂ ਵਿਚ ਦਖ਼ਲ- ਸਕੱਤਰ ਸ੍ਰ. ਪ੍ਰਤਾਪ ਸਿੰਘ

ਫਤਿਹ ਟਾਈਮਜ਼

**ਪ੍ਰਬੰਧਕਾਂ ਨੂੰ ਬਿਨਾਂ ਕਿਸੇ ਜਾਣਕਾਰੀ ਦਿੱਤੇ ਪੁਲਿਸ ਦੁਆਰਾ ਕਿਸੇ ਨੂੰ ਹਿਰਾਸਤ ਵਿਚ ਲਏ ਜਾਣ ਦੀ ਕਾਰਵਾਈ ਅਣਉਚਿੱਤ ਅਤੇ ਸੰਗਤਾਂ ਦੀਆਂ ਭਾਵਨਾਵਾਂ ਦੇ ਵਿਰੁੱਧ ਹੈ।**



ਅੰਮ੍ਰਿਤਸਰ, 31 ਜਨਵਰੀ (ਫ.ਟ.ਬ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੀਤੇ ਕੱਲ੍ਹ ਪੰਜਾਬ ਪੁਲਿਸ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਦੋ ਵਿਅਕਤੀਆਂ ਨੂੰ ਚੁੱਕੇ ਜਾਣ ਦੀ ਹਰਕਤ ’ਤੇ ਪ੍ਰਤੀਕਰਮ ਦਿੰਦਿਆਂ ਇਸ ਨੂੰ ਪੁਲਿਸ ਦੀ ਆਪਮੁਹਾਰੀ ਕਾਰਵਾਈ ਅਤੇ ਪ੍ਰਬੰਧਾਂ ’ਚ ਦਖ਼ਲ ਕਰਾਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿਚ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼ ਵਿਦੇਸ਼ ਤੋਂ ਰੋਜ਼ਾਨਾ ਵੱਡੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਣ ਆਉਂਦੀਆਂ ਹਨ। ਪ੍ਰਬੰਧਕਾਂ ਨੂੰ ਬਿਨਾਂ ਕਿਸੇ ਜਾਣਕਾਰੀ ਦਿੱਤੇ ਪੁਲਿਸ ਦੁਆਰਾ ਕਿਸੇ ਨੂੰ ਹਿਰਾਸਤ ਵਿਚ ਲਏ ਜਾਣ ਦੀ ਕਾਰਵਾਈ ਅਣਉਚਿੱਤ ਅਤੇ ਸੰਗਤਾਂ ਦੀਆਂ ਭਾਵਨਾਵਾਂ ਦੇ ਵਿਰੁੱਧ ਹੈ। ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸਿੱਖ ਸੰਗਤਾਂ ਦੀ ਆਸਥਾ ਦਾ ਕੇਂਦਰ ਹੈ, ਜਿਥੇ ਪੁਲਿਸ ਨੂੰ ਅਜਿਹੀ ਹਰਕਤ ਕਰਨ ਦੀ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਬੀਤੇ ਕੱਲ੍ਹ ਪੁਲਿਸ ਕਾਰਵਾਈ ਦੀ ਸ਼੍ਰੋਮਣੀ ਕਮੇਟੀ ਜਾਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੂੰ ਕੋਈ ਸੂਚਨਾ ਨਹੀਂ ਦਿੱਤੀ ਗਈ। ਜੇਕਰ ਕਿਸੇ ਵਿਅਕਤੀ ਨੂੰ ਕਿਸੇ ਦੋਸ਼ ਤਹਿਤ ਹਿਰਾਸਤ ਵਿਚ ਲੈਣ ਦੀ ਲੋੜ ਸੀ ਤਾਂ ਸ਼੍ਰੋਮਣੀ ਕਮੇਟੀ ਨਾਲ ਸੰਪਰਕ ਕਰਨਾ ਚਾਹੀਦਾ ਸੀ। ਉਨ੍ਹਾਂ ਆਖਿਆ ਕਿ ਪੁਲਿਸ ਦੀ ਹਰਕਤ ਸਬੰਧੀ ਪ੍ਰਬੰਧਕੀ ਤੌਰ ’ਤੇ ਜਾਂਚ ਪੜਤਾਲ ਕੀਤੀ ਜਾ ਰਹੀ ਹੈ, ਜਿਸ ਦੀ ਰਿਪੋਰਟ ਕਾਰਜਕਾਰਨੀ ਕਮੇਟੀ ਨੂੰ ਸੌਂਪੀ ਜਾਵੇਗੀ।


LIC
ਭਾਰਤੀय जीवन बीमा निगम
LIFE INSURANCE CORPORATION OF INDIA
ਬੀਮਾ ਸੇਵਾ ਕੇਂਦਰ

ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ, ਲੜਕੀਆਂ ਲਈ ਕੰਨਿਆਦਾਨ ਪੌਲਸੀ, ਬੁਢਾਪਾ ਪੈਨਸ਼ਨ ਸਕੀਮ,ਮਨੀ ਬੈਂਕ ਪੌਲਸੀ, ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।

ਡੈਂਥ ਕਲੇਮ,ਮਚਿਉਰਟੀ ਜਾ ਫਿਰ ਹੋਰ ਐਲ ਆਈ ਸੀ ਸੇਵਾ ਲਈ ਸੰਪਰਕ ਕਰੋ: ਐਸ ਐਸ ਸੰਧਾ ਮੋ:9988537575

ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।


## ਪ੍ਰਧਾਨ ਮੰਤਰੀ ਦੀ ਫੇਰੀ ਤੋਂ ਪਹਿਲਾਂ ਜਲੰਧਰ ਦੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਫਤਿਹ ਟਾਈਮਜ਼

ਜਲੰਧਰ, 31 ਜਨਵਰੀ (ਫ.ਟ.ਬ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 1 ਫਰਵਰੀ ਨੂੰ ਜਲੰਧਰ ਦੇ ਡੇਰਾ ਸੱਚਖੰਡ ਬੱਲਾਂ ਵਿਖੇ ਹੋਣ ਵਾਲੀ ਆਮਦ ਤੋਂ ਠੀਕ ਪਹਿਲਾਂ ਸ਼ਹਿਰ ਦੇ ਨਾਮੀ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਜਲੰਧਰ ਦੇ ਕੈਂਬਰਿਜ ਸਕੂਲ ਸਮੇਤ ਤਿੰਨ ਪ੍ਰਮੁੱਖ ਸਕੂਲਾਂ ਨੂੰ ਇੱਕ ਧਮਕੀ ਭਰੀ ਈਮੇਲ ਪ੍ਰਾਪਤ ਹੋਈ, ਜਿਸ ਤੋਂ ਬਾਅਦ ਸਕੂਲ ਪ੍ਰਬੰਧਕਾਂ ਅਤੇ ਸੁਰੱਖਿਆ ਏਜੰਸੀਆਂ ਵਿੱਚ ਹੜਕੰਪ ਮਚ ਗਿਆ। ਪ੍ਰਧਾਨ ਮੰਤਰੀ ਦੇ ਦੌਰੇ ਕਾਰਨ ਸ਼ਹਿਰ ਪਹਿਲਾਂ ਹੀ ਹਾਈ ਅਲਰਟ 'ਤੇ ਹੈ, ਅਜਿਹੇ ਵਿੱਚ ਇਸ ਧਮਕੀ ਨੇ ਪੁਲਿਸ ਦੀ ਚਿੰਤਾ ਹੋਰ ਵਧਾ ਦਿੱਤੀ ਹੈ।

## ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ

ਫਤਿਹ ਟਾਈਮਜ਼



ਨਵੀਂ ਦਿੱਲੀ, 31 ਜਨਵਰੀ (ਫ.ਟ.ਬ) ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਅੱਜ ਗਿਰਾਵਟ ਆਈ ਹੈ। ਜਲੰਧਰ ਸਰਾਫਾ ਐਸੋਸੀਏਸ਼ਨ ਦੇ ਅਨੁਸਾਰ, 24 ਕੈਰੇਟ ਸੋਨੇ ਦੀ ਕੀਮਤ ਸ਼ੁੱਕਰਵਾਰ ਨੂੰ □176,000 ਸੀ, ਜੋ ਵੀਰਵਾਰ ਨੂੰ □183,000 ਸੀ। 22 ਕੈਰੇਟ ਸੋਨਾ ਅੱਜ □163,680 ਤੱਕ ਪਹੁੰਚ ਗਿਆ ਹੈ। ਇਸੇ ਤਰ੍ਹਾਂ, ਚਾਂਦੀ ਦੀਆਂ ਕੀਮਤਾਂ ਵਿੱਚ ਵੀ ਗਿਰਾਵਟ ਆਈ ਹੈ। ਸ਼ੁੱਕਰਵਾਰ ਨੂੰ, ਚਾਂਦੀ ਦੀ ਕੀਮਤ □378,500 ਸੀ, ਜਦੋਂ ਕਿ ਵੀਰਵਾਰ ਨੂੰ ਇਹ □4 ਲੱਖ ਤੋਂ ਵੱਧ ਪਹੁੰਚ ਗਈ ਸੀ।ਇਸ ਦੌਰਾਨ, ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਕੀਮਤੀ ਧਾਤਾਂ ਦੀਆਂ ਕੀਮਤਾਂ ਵਿੱਚ ਨਰਮੀ ਆਈ ਹੈ। ਇਸ ਖ਼ਬਰ ਦੇ ਲਿਖਣ ਸਮੇਂ, (ਬਾਕੀ ਸਫਾ 2 ਤੇ)


FT
ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ਮੋ; 99885-37575

ਅਦਾਰਾ ਫਤਿਹ ਟਾਈਮਜ਼ ਦੀ ਪੰਜਵੀਂ ਵਰ੍ਹੇਗੰਢ ਮੌਕੇ ਵਿਸ਼ੇਸ਼ ਇਸ਼ਤਿਹਾਰ

ਅਦਾਰਾ ਫਤਿਹ ਟਾਈਮਜ਼ ਦੀ ਪੰਜਵੀਂ ਵਰ੍ਹੇਗੰਢ ਮੌਕੇ ਵਿਸ਼ੇਸ਼ ਇਸ਼ਤਿਹਾਰ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ ਇਸ਼ਤਿਹਾਰ ਦੇਣ ਲਈ ਹੇਠ ਦਿੱਤੇ ਨੰਬਰ ਤੇ ਸੰਪਰਕ ਕਰੋ।
ਮੋ:99885-37575

# ਅਚਾਨਕ ਗੋਲੀ ਚੱਲਣ ਨਾਲ ਸਿਪਾਹੀ ਦੀ ਮੌਤ

ਮੁੱਲਾਂਪੁਰ ਦਾਖਾ, 31 ਜਨਵਰੀ (ਫ.ਟ.ਬ) ਮੁੱਲਾਂਪੁਰ-ਲੁਧਿਆਣਾ ਰੋਡ 'ਤੇ ਸਥਿਤ ਕਾਰ ਸ਼ੋਅ ਰੂਮ ਦੇ ਮਾਲਕ ਤੋਂ ਗੈਂਗਸਟਰਾਂ ਵੱਲੋਂ ਫਿਰੌਤੀ ਮੰਗੇ ਜਾਣ ਤੋਂ ਬਾਅਦ ਉਸ ਦੀ ਸੁਰੱਖਿਆ ਲਈ ਤੈਨਾਤ ਕੀਤੇ ਥਰਡ ਆਈ.ਆਰ.ਬੀ. ਦੇ ਸਿਪਾਹੀ ਕੋਲੋਂ ਆਪਣੀ ਹੀ ਏਕੇ-47 ਰਾਈਫਲ ਵਿੱਚੋਂ ਅਚਾਨਕ ਗੋਲੀ ਚੱਲਣ ਕਾਰਣ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਅਨੁਜ ਮਸੀਹ (25) ਵਜੋਂ ਹੋਈ ਹੈ। ਸਿਪਾਹੀ ਅਨੁਜ ਮਸੀਹ ਦੇ ਗਰਦਨ ਦੇ ਨੇੜੇ ਗੋਲੀ ਲੱਗੀ ਸੀ । ਜਾਣਕਾਰੀ ਅਨੁਸਾਰ ਸਿਪਾਹੀ ਅਨੁਜ ਆਪਣੇ ਸਾਥੀ ਕਰਮਚਾਰੀ ਨਾਲ ਕਾਰ ਸ਼ੋਅਰੂਮ ਦੇ ਬਾਹਰ ਸੁਰੱਖਿਆ ਡਿਊਟੀ 'ਤੇ ਤੈਨਾਤ ਸੀ । ਦੇਰ ਰਾਤ ਅਨੁਜ ਜਦੋਂ ਸ਼ੋਅਰੂਮ ਦੇ ਬਾਹਰ ਕਾਰ ਵਿੱਚ ਬੈਠਾ ਸੀ, ਤਾਂ ਅਚਾਨਕ ਉਸਦੀ ਉਸਦੇ ਹੱਥ ਵਿੱਚ ਫੜੀ ਏ.ਕੇ-47 ਵਿੱਚੋਂ ਗੋਲੀ ਚੱਲ ਗਈ, ਜਿਹੜੀ ਕਿ ਉਸਦੀ ਗਰਦਨ ਨੂੰ ਚੀਰਦੀ ਹੋਈ ਗੱਡੀ ਦੀ ਛੱਤ ਵਿੱਚੋਂ ਨਿਕਲ ਗਈ । ਇਸ ਘਟਨਾ ਬਾਰੇ ਡੀਐਸਪੀ ਦਾਖਾ ਵਰਿੰਦਰਜੀਤ ਸਿੰਘ ਖੋਸਾ ਨਾਲ ਗੱਲ ਕੀਤੀ ਤਾਂ ਉਹਨਾਂ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਉਕਤ ਸਿਪਾਹੀ ਕੋਲੋਂ ਮੌਜੂਦ ਏਕੇ47 ਦੀ ਅਚਾਨਕ ਗੋਲੀ ਚੱਲਣ ਕਾਰਨ ਹੀ ਇਹ ਹਾਦਸਾ ਵਾਪਰਿਆ ਹੈ ਅਤੇ ਇਸ ਮਾਮਲੇ ਸੰਬੰਧੀ 174 ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਦੱਸਣਯੋਗ ਇਹ ਹੈ ਕਿ ਸਿਪਾਹੀ ਅਨੁਜ ਗੁਰਦਾਸਪੁਰ ਜ਼ਿਲ੍ਹੇ ਦੇ ਲੱਖਾ ਕਲਾਂ ਪਿੰਡ ਦਾ ਰਹਿਣ ਵਾਲਾ ਸੀ ਅਤੇ ਉਸਨੂੰ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਇਹ ਨੌਕਰੀ ਮਿਲੀ ਸੀ।

ਸਫਾ 1 ਦੀ ਬਾਕੀ

# ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ

ਐਮਸੀਐਕਸ 'ਤੇ ਸੋਨੇ ਦੀ ਵਾਅਦਾ ਕੀਮਤ ਲਗਭਗ 1065 ਰੁਪਏ ਡਿੱਗ ਕੇ 1,82,897 ਰੁਪਏ ਪ੍ਰਤੀ 10 ਗ੍ਰਾਮ ਹੋ ਗਈ ਹੈ, ਜਦੋਂ ਕਿ ਚਾਂਦੀ ਦੀ ਵਾਅਦਾ ਕੀਮਤ 12709 ਰੁਪਏ ਡਿੱਗ ਕੇ ਲਗਭਗ 3,87,184 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਕਾਰੋਬਾਰ ਕਰ ਰਹੀ ਹੈ।ਅੰਤਰਰਾਸ਼ਟਰੀ ਬਾਜ਼ਾਰ ਵਿੱਚ ਵੀ, ਰਿਕਾਰਡ ਵਾਧੇ ਤੋਂ ਬਾਅਦ, ਸੋਨਾ ਅਤੇ ਚਾਂਦੀ ਹੁਣ ਡਿੱਗਦੀ ਦਿਖਾਈ ਦੇ ਰਹੀ ਹੈ। ਵੀਰਵਾਰ ਨੂੰ, ਪਹਿਲੀ ਵਾਰ, ਸੋਨਾ 5,500 ਪ੍ਰਤੀ ਔਂਸ ਨੂੰ ਪਾਰ ਕਰ ਗਿਆ ਸੀ ਅਤੇ ਚਾਂਦੀ 120 ਪ੍ਰਤੀ ਔਂਸ ਨੂੰ ਪਾਰ ਕਰ ਗਈ ਸੀ।

Hotel
EURO
PALACE
&
Restorent
Mandi road
Rewalsar
Wi fi & Rooms
Available
Mob:9817679963

ਪੱਤਰਕਾਰਾਂ ਦੀ ਲੋੜ

ਅਦਾਰਾ ਫਤਿਹ ਟਾਈਮਜ਼ ਨੂੰ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਕਸਬਿਆਂ ਤੋਂ ਪੜ੍ਹੇ ਲਿਖੇ ਰਿਪੋਰਟਰਾਂ ਦੀ ਲੋੜ ਹੈ ਚਾਹਵਾਨ ਹੇਠ ਦਿੱਤੇ ਨੰਬਰ ਤੇ ਸੰਪਰਕ ਕਰਨ ।
ਮੋ:99885-37575

# ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਵਧਾਉਣ ਲਈ ਕੱਢੀ ਗਈ 'ਪ੍ਰਚਾਰ ਵੈਨ' ਦਾ ਕੈਰੋਂ ਵਿਖੇ ਸਫ਼ਲਤਾਪੂਰਵਕ ਸਮਾਪਨ

ਤਰਨ ਤਾਰਨ, 31 ਜਨਵਰੀ (ਫ.ਟ.ਬ) ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਤੇ ਸਿੱਖਿਆ ਮੰਤਰੀ ਸ੍ਰ ਹਰਜੋਤ ਸਿੰਘ ਬੈਂਸ ਦੀ ਅਣਥੱਕ ਮਿਹਨਤ ਸਦਕਾ ਚਲਾਈ ਗਈ 'ਦਾਖ਼ਲਾ ਪ੍ਰਚਾਰ ਵੈਨ' ਆਪਣੇ ਤੀਸਰੇ ਅਤੇ ਆਖਰੀ ਦਿਨ ਸੁਰ ਸਿੰਘ ਤੋਂ ਰਵਾਨਾ ਹੋ ਕੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਫੈਲਾਉਣ ਤੋਂ ਬਾਅਦ ਕੈਰੋਂ ਵਿਖੇ ਸਮਾਪਤ ਹੋਈ। ਇਸ ਵੈਨ ਨੂੰ ਸ੍ਰ ਹਰਜੀਤ ਸਿੰਘ ਬੁਰਜ (ਪੀ.ਏ.) ਅਤੇ ਬਲਾਕ ਐਲੀਮੈਂਟਰੀ ਸਿੱਖਿਆ ਅਫ਼ਸਰ ਭਿੱਖੀਵਿੰਡ ਸ੍ਰ ਜਸਵਿੰਦਰ ਸਿੰਘ ਸੰਧੂ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰ./ਐਲੀ.) ਸ੍ਰ ਸਤਿਨਾਮ ਸਿੰਘ ਬਾਠ ਦੀ ਅਗਵਾਈ ਹੇਠ ਇਸ ਪ੍ਰਚਾਰ ਵੈਨ ਨੇ ਅੱਜ ਜ਼ਿਲ੍ਹੇ ਦੇ ਤਿੰਨ ਪ੍ਰਮੁੱਖ ਬਲਾਕਾਂ— ਭਿੱਖੀਵਿੰਡ, ਵਲਟੋਹਾ ਅਤੇ ਪੱਟੀ ਨੂੰ ਕਵਰ ਕੀਤਾ। ਇਹ ਵੈਨ ਸੁਰ ਸਿੰਘ ਤੋਂ ਸ਼ੁਰੂ ਹੋ ਕੇ ਭਿੱਖੀਵਿੰਡ, ਅਲਗੋ ਕੋਠੀ, ਅਮਰਕੋਟ, ਵਲਟੋਹਾ, ਬਹਾਦਰ ਨਗਰ, ਜੋਧ ਸਿੰਘ ਵਾਲਾ, ਭੰਗਾਲਾ, ਤੂਤ, ਕੋਟ ਬੁੱਢਾ, ਆਂਸਲ ਅਤੇ ਪੱਟੀ ਤੋਂ ਹੁੰਦੀ ਹੋਈ ਕੈਰੋਂ ਵਿਖੇ ਪਹੁੰਚੀ, ਜਿੱਥੇ ਇਸ ਦਾ ਰਸਮੀ ਸਮਾਪਨ ਕੀਤਾ ਗਿਆ। ਇਸ ਮੌਕੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਭਿੱਖੀਵਿੰਡ ਸ੍ਰ ਜਸਵਿੰਦਰ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦਾ ਕਾਇਆ-ਕਲਪ ਕੀਤਾ ਗਿਆ ਹੈ ਅਤੇ ਵਿਦਿਆਰਥੀਆਂ ਨੂੰ ਅਣਗਿਣਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦਾ ਦਾਖ਼ਲਾ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਕਰਵਾਉਣ ਤਾਂ ਜੋ ਉਹ ਮਿਆਰੀ ਸਿੱਖਿਆ ਦਾ ਲਾਭ ਲੈ ਸਕਣ। ਇਸ ਮੌਕੇ ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਵਲਟੋਹਾ ਸ੍ਰੀ ਪਾਰਸ ਕੁਮਾਰ, ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਪੱਟੀ ਸ੍ਰ ਮਨਜਿੰਦਰ ਸਿੰਘ ਢਿੱਲੋਂ ਤੋਂ ਇਲਾਵਾ ਡੀ.ਆਰ.ਸੀ. ਅਨੂਪ ਸਿੰਘ ਮੈਣੀ, ਪ੍ਰਿੰਸੀਪਲ ਰੀਟਾ ਮਹਾਜਨ, ਐਚ.ਟੀ. ਮਨਜੀਤ ਸਿੰਘ, ਸੀ.ਐਚ.ਟੀ. ਰਾਜੇਸ਼ ਕੁਮਾਰ, ਸੁਖਬੀਰ ਸਿੰਘ ਸੰਧੂ, ਗੁਰਭੇਜ ਸਿੰਘ, ਲਖਬੀਰ ਸਿੰਘ, ਦਰਸ਼ਨ ਸਿੰਘ ਬਲੇਰ ਅਤੇ ਕੰਵਲਜੀਤ ਕੌਰ, ਸਰਪੰਚ ਰਾਜਬੀਰ ਸਿੰਘ ਸੁਰ ਸਿੰਘ, ਸਰਪੰਚ ਦਿਲਬਾਗ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਵਿੰਦਰ ਸਿੰਘ ਮਾਣਾ ਅਤੇ ਹੋਰ ਸਥਾਨਕ ਆਗੂ ਤੇ ਅਧਿਆਪਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।ਅਧਿਆਪਕਾਂ ਨੇ ਪਿੰਡ-ਪਿੰਡ ਜਾ ਕੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ ਅਤੇ ਨਵੇਂ ਸੈਸ਼ਨ ਲਈ ਦਾਖ਼ਲੇ ਸਬੰਧੀ ਜਾਣਕਾਰੀ ਸਾਂਝੀ ਕੀਤੀ।



'ਦਾਖ਼ਲਾ ਪ੍ਰਚਾਰ ਵੈਨ' ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਫੈਲਾਉਣ ਤੋਂ ਬਾਅਦ ਕੈਰੋਂ ਵਿਖੇ ਸਮਾਪਤ ਹੋਈ।

# ਆਯੂਰਵੈਦਿਕ ਵਿਭਾਗ ਵੱਲੋਂ ਜਿਲ੍ਹਾ ਤਰਨ ਤਾਰਨ ਵਿਖੇ 04 ਫਰਵਰੀ ਤੋਂ 23 ਫਰਵਰੀ ਤੱਕ ਕੀਤਾ ਜਾਵੇਗਾ ਆਯੂਸ਼ (ਮੈਡੀਕਲ) ਕੈਂਪਾਂ ਦਾ ਆਯੋਜਨ- ਡਿਪਟੀ ਕਮਿਸ਼ਨਰ

ਤਰਨ ਤਾਰਨ, 31 ਜਨਵਰੀ (ਪ ਪ) ਆਯੁਰਵੇਦਿਕ ਵਿਭਾਗ ਅਤੇ ਹੋਮਿਓਪੈਥਿਕ ਵਿਭਾਗ ਵੱਲੋਂ ਜਿਲ੍ਹਾ ਤਰਨ ਤਾਰਨ ਵਿਖੇ ਵੱਖ-ਵੱਖ ਸਥਾਨਾਂ ਤੇ ਮਿਤੀ 04 ਫਰਵਰੀ 2026 ਤੋਂ 23 ਫਰਵਰੀ 2026 ਤੱਕ 15 ਆਯੁਸ਼ ਕੈਂਪਾਂ (ਮੈਡੀਕਲ) ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਆਈ. ਏ. ਐੱਸ. ਨੇ ਦੱਸਿਆ ਕਿ 04 ਫਰਵਰੀ ਨੂੰ ਆਯੂਸ਼ਮਾਨ ਆਰੋਗਯ ਕੇਂਦਰ ਗੁਰਦੁਆਰਾ ਸਾਹਿਬ ਸਰਲੀ ਕਲ੍ਹਾਂ,05 ਫਰਵਰੀ ਨੂੰ ਆਯੂਸ਼ਮਾਨ ਆਰੋਗਯ ਕੇਂਦਰ ਗੁਰਦੁਆਰਾ ਭਾਈ ਮਹਾਂ ਸਿੰਘ ਜੀ ਰਟੋਲ, ਤਰਨ ਤਾਰਨ,06 ਫਰਵਰੀ ਨੂੰ ਗੁਰਦੁਆਰਾ ਸ਼੍ਰੀ ਗੁਰੂ ਅਰਜਨ ਦੇਵ ਜੀ ਕੰਗ, 07 ਫਰਵਰੀ ਨੂੰ ਗੁਰਦੁਆਰਾ ਲਕੀਰ ਸਾਹਿਬ, ਫਤਿਹ ਚੱਕ, 09 ਫਰਵਰੀ ਗੁਰਦੁਆਰਾ ਸਿੰਘ ਸਭਾ, ਪੰਡਰੀ ਸਿਧਵਾਂ, 10 ਫਰਵਰੀ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਹਰੀਕੇ, 11 ਫਰਵਰੀ ਨੂੰ ਗੁਰਦੁਆਰਾ ਬੀਬਾ ਵੀਰ ਸਿੰਘ ਮਾਨੋਚਾਹਲ, 12 ਫਰਵਰੀ ਨੂੰ ਗੁਰਦੁਆਰਾ ਬੀਬੀ ਵੀਰੋ ਜੀ, ਝਬਾਲ, 13 ਫਰਵਰੀ ਨੂੰ ਗੁਰਦੁਆਰਾ ਬਾਬਾ ਹੇਤਾ ਸਿੰਘ ਜੀ ਸ਼ਹੀਦ, ਕੈਰੋਂ, 14 ਫਰਵਰੀ ਨੂੰ ਗੁਰਦੁਆਰਾ ਸੰਤ ਬਾਬਾ ਇਸ਼ਰ ਸਿੰਘ ਜੀ ਅਤੇ ਸੰਤ ਬਾਬਾ ਬੂਟਾ ਸਿੰਘ ਜੀ, ਚੂਸਲੇਵੜ, 16 ਫਰਵਰੀ ਨੂੰ ਗੁਰਦੁਆਰਾ ਬੀਬੀ ਸੁੱਖਾਂ ਜੀ ਨੌਸ਼ਹਿਰਾ ਢਾਲਾ, 17 ਫਰਵਰੀ ਨੂੰ ਗੁਰਦੁਆਰਾ ਬਾਬਾ ਜੀਵਨ ਸਿੰਘ, ਜੋਹਲ ਰਾਜੂ ਸਿੰਘ, ਤਰਨ ਤਾਰਨ, 19 ਫਰਵਰੀ ਨੂੰ ਗੁਰਦੁਆਰਾ ਜਨਮ ਸਥਾਨ ਬਾਬਾ ਬੀਰ ਸਿੰਘ ਜੀ,ਗੁਗਬੋਆ, 21 ਫਰਵਰੀ ਨੂੰ ਗੁਰਦੁਆਰਾ ਨਾਨਕ ਪਰਕਾਸ਼ ਸ਼ੇਖ, ਤਰਨ ਤਾਰਨ, 23 ਫਰਵਰੀ ਨੂੰ ਗੁਰਦੁਆਰਾ ਬਾਬਾ ਬੀਰ ਸਿੰਘ ਜੀ ਏਕਲ ਗੱਡਾ, ਤਰਨ ਤਾਰਨ, ਵਿਖੇ ਆਯੂਸ਼ ਕੈਂਪ (ਮੈਡੀਕਲ) ਦਾ ਆਯੋਜਨ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਆਏ ਹੋਏ ਮਰੀਜਾਂ ਨੂੰ ਆਯੁਰਵੇਦਿਕ ਅਤੇ ਹੋਮਿਓਪੈਥਿਕ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ ਅਤੇ ਲੋਕਾਂ/ ਮਰੀਜਾਂ ਨੂੰ ਉਨ੍ਹਾਂ ਦੇ ਚੋਗਿਰਦੇ ਵਿੱਚ ਉੱਘਣ ਵਾਲੇ ਆਯੁਰਵੇਦਿਕ ਔਸ਼ਧ ਬੂਟੀਆਂ ਦੇ ਪ੍ਰਤੀ ਜਾਗਰੁਕ ਕੀਤਾ ਜਾਵੇਗਾ । ਹਰ ਇੱਕ ਆਯੁਸ਼ ਕੈਂਪ ਵਿੱਚ ਆਏ ਹੋਏ ਮਰੀਜਾਂ/ ਲੋਕਾਂ ਨੂੰ ਆਯੁਰਵੇਦ ਦੀ ਸਹਾਇਤਾ ਨਾਲ ਚੰਗਾ ਖਾਨ-ਪਾਨ, ਦਿਨਚਰਯਾ ਅਤੇ ਰਹਿਣ ਸਹਿਣ ਬਾਰੇ ਜਾਣਕਾਰੀ ਦਿੱਤੀ ਜਾਏਗੀ । ਆਯੁਰਵੇਦ ਦੀ ਸਹਾਇਤਾ ਨਾਲ ਨਸ਼ਿਆਂ ਤੋਂ ਬਚਾਅ ਅਤੇ ਉਪਚਾਰ ਬਾਰੇ ਵੀ ਵਿਸਤ੍ਰਿਤ ਚਰਚਾ ਕੀਤੀ ਜਾਵੇਗੀ ।



ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼
CHANNEL
ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।
ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575

Editor,Owner and Publisher Sarbjot Singh Sandha on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407
ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

# ਪੱਤਰਕਾਰ ਭਾਈਚਾਰੇ ਦੀ ਇਕਜੁੱਟਤਾ ਲਈ ਪ੍ਰੈਸ ਕਲੱਬ ਰਾਮਪੁਰਾ ਫੂਲ ਦਾ ਅਹਿਮ ਰੋਲ, ਮਜ਼ਬੂਤ ਕਦਮ ਚੁੱਕੇ



ਰਾਮਪੁਰਾ ਫੂਲ, 31 ਜਨਵਰੀ (ਡਾ ਬਿੰਦੀ) ਪ੍ਰੈਸ ਕਲੱਬ ਰਾਮਪੁਰਾ ਫੂਲ (ਰਜਿ. ਨੰ. 638) ਦੀ ਇੱਕ ਅਹਿਮ ਮੀਟਿੰਗ ਸਥਾਨਕ ਹੋਟਲ ਮਹਿਫਿਲ ਵਿਖੇ ਪ੍ਰਧਾਨ ਸ੍ਰੀ ਰਾਣਾ ਸ਼ਰਮਾ ਦੀ ਅਗਵਾਈ ਹੇਠ ਸੰਪੰਨ ਹੋਈ। ਮੀਟਿੰਗ ਵਿੱਚ ਕਲੱਬ ਦੇ ਸਮੂਹ ਮੈਂਬਰਾਂ ਨੇ ਉਤਸ਼ਾਹਪੂਰਵਕ ਸ਼ਮੂਲੀਅਤ ਕਰਦੇ ਹੋਏ ਸੰਸਥਾ ਦੀ ਭਲਾਈ ਅਤੇ ਪੱਤਰਕਾਰ ਭਾਈਚਾਰੇ ਦੀ ਇਕਜੁੱਟਤਾ ਸਬੰਧੀ ਕਈ ਮਹੱਤਵਪੂਰਨ ਮਸਲਿਆਂ ‘ਤੇ ਵਿਚਾਰ-ਵਟਾਂਦਰਾ ਕੀਤਾ।ਇਸ ਦੌਰਾਨ ਕਲੱਬ ਦੀਆਂ ਗਤੀਵਿਧੀਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ, ਮੈਂਬਰਾਂ ਵਿਚਕਾਰ ਤਾਲਮੇਲ ਵਧਾਉਣ ਅਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਕਈ ਅਹਿਮ ਫੈਸਲੇ ਸਹਿਮਤੀ ਨਾਲ ਲਏ ਗਏ। ਸਾਰੇ ਮੈਂਬਰਾਂ ਦੀ ਮਨਜ਼ੂਰੀ ਨਾਲ ਸ੍ਰੀ ਸ਼ਿਵ ਸੋਨੀ ਜੀ ਨੂੰ ਪ੍ਰੈਸ ਕਲੱਬ ਦਾ ਪਬਲਿਕ ਰਿਲੇਸ਼ਨ ਆਫੀਸਰ (ਫ੍ਹੋ) ਨਿਯੁਕਤ ਕੀਤਾ ਗਿਆ, ਜਦਕਿ ਡਾ. ਬਲਵਿੰਦਰ ਸਿੰਘ ਬਿੰਦੀ ਜੀ ਨੂੰ ਸਹਾਇਕ ਫ੍ਹੋ ਦੀ ਜ਼ਿੰਮੇਵਾਰੀ ਸੌਂਪੀ ਗਈ। ਮੈਂਬਰਾਂ ਵੱਲੋਂ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਤੋਂ ਨਿਸ਼ਠਾ ਅਤੇ ਇਮਾਨਦਾਰੀ ਨਾਲ ਸੇਵਾਵਾਂ ਨਿਭਾਉਣ ਦੀ ਉਮੀਦ ਜਤਾਈ ਗਈ।ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਗਿਆ ਕਿ ਕਲੱਬ ਦੇ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਦੇ ਸਨਾਖਤੀ ਕਾਰਡ ਜਲਦ ਤਿਆਰ ਕਰਵਾਏ ਜਾਣਗੇ, ਜਿਸ ਨਾਲ ਪੱਤਰਕਾਰਾਂ ਦੀ ਪਛਾਣ ਮਜ਼ਬੂਤ ਹੋਵੇਗੀ ਅਤੇ ਸੰਸਥਾ ਦੀ ਵਿਵਸਥਾ ਹੋਰ ਸੁਚਾਰੂ ਬਣੇਗੀ।ਅਖੀਰ ਵਿੱਚ ਪ੍ਰਧਾਨ ਰਾਣਾ ਸ਼ਰਮਾ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਪ੍ਰੈਸ ਕਲੱਬ ਹਮੇਸ਼ਾ ਪੱਤਰਕਾਰ ਭਾਈਚਾਰੇ ਦੇ ਹਿੱਤਾਂ ਲਈ ਵਚਨਬੱਧ ਰਹੇਗਾ।

# ਐਸਡੀਐਮ ਤਰਨ ਤਾਰਨ ਨੇ ਸਿਵਲ ਹਸਪਤਾਲ ਤਰਨ ਤਾਰਨ ਦੀ ਅਚਨਚੇਤ ਚੈਕਿੰਗ ਕੀਤੀ



## ਮਰੀਜ਼ਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਦੀ ਕੀਤੀ ਤਾਕੀਦ

ਤਰਨ ਤਾਰਨ, 31 ਜਨਵਰੀ (ਫ.ਟ.ਬ) ਐਸਡੀਐਮ ਤਰਨ ਤਾਰਨ ਸ੍ਰੀ ਗੁਰਮੀਤ ਸਿੰਘ ਵੱਲੋਂ ਅੱਜ ਸਿਵਲ ਹਸਪਤਾਲ ਤਰਨ ਤਾਰਨ ਵਿਖੇ ਅਚਨਚੇਤ ਚੈਕਿੰਗ ਕਰਕੇ ਉਥੇ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਜਾਇਜਾ ਲਿਆ ਗਿਆ। ਇਸ ਮੌਕੇ ਉਨ੍ਹਾਂ ਓਪੀਡੀ, ਵੱਖ ਵੱਖ ਵਾਰਡਾਂ, ਲੈਬੋਰਟਰੀ ਦਾ ਦੌਰਾ ਕਰਨ ਦੇ ਨਾਲ ਡਾਕਟਰਾਂ ਅਤੇ ਹੋਰ ਪੈਰਾਮੈਡੀਕਲ ਸਟਾਫ ਦੀ ਹਾਜ਼ਰੀ ਵੀ ਚੈੱਕ ਕੀਤੀ। ਇਸ ਦੌਰਾਨ ਉਹਨਾਂ ਨੇ ਸਿਵਲ ਹਸਪਤਾਲ ਇਲਾਜ ਲਈ ਪਹੁੰਚੇ ਮਰੀਜ਼ਾਂ ਨਾਲ ਵੀ ਗੱਲਬਾਤ ਕੀਤੀ ਅਤੇ ਸਿਹਤ ਸੇਵਾਵਾਂ ਸਬੰਧੀ ਉਹਨਾਂ ਦੀ ਫੀਡਬੈਕ ਹਾਸਲ ਕੀਤੀ।ਇਸ ਮੌਕੇ ਐਸਡੀਐਮ ਗੁਰਮੀਤ ਸਿੰਘ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਲੋੜਵੰਦਾਂ ਤੱਕ ਪਹੁੰਚਾਉਣ। ਉਹਨਾਂ ਕਿਹਾ ਕਿ ਡਾਕਟਰਾਂ ਵੱਲੋਂ ਮਰੀਜ਼ਾਂ ਨੂੰ ਬਾਹਰਲੇ ਮੈਡੀਕਲ ਸਟੋਰਾਂ ਤੋਂ ਦਵਾਈਆਂ ਨਾ ਲਿਖ ਕੇ ਦਿੱਤੀਆਂ ਜਾਣ ਅਤੇ ਮਰੀਜ਼ਾਂ ਨੂੰ ਸਾਰੀ ਦਵਾਈ ਹਸਪਤਾਲ ਵਿੱਚੋਂ ਬਿਲਕੁਲ ਮੁਫਤ ਦਿੱਤੀ ਜਾਵੇ।ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਹਰ ਪਰਿਵਾਰ ਨੂੰ 10 ਲੱਖ ਰੁਪਏ ਸਲਾਨਾ ਦੇ ਮੁਫਤ ਇਲਾਜ ਦੀ ਸਹੂਲਤ ਮਿਲੇਗੀ। ਉਹਨਾਂ ਕਿਹਾ ਕਿ ਹਸਪਤਾਲ ਆਉਣ ਵਾਲੇ ਮਰੀਜ਼ਾਂ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਕਾਰਡ ਬਣਾਉਣ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਲੋਕ ਸਰਕਾਰ ਦੀ ਇਸ ਯੋਜਨਾ ਦਾ ਲਾਭ ਉਠਾ ਸਕਣ।ਉਹਨਾਂ ਕਿਹਾ ਕਿ ਜੇਕਰ ਕਿਸੇ ਸਿਹਤ ਅਧਿਕਾਰੀ ਜਾਂ ਕਰਮਚਾਰੀ ਨੇ ਸਰਕਾਰ ਦੀਆਂ ਹਦਾਇਤਾਂ ਦੀ ਉਲੰਘਣਾ ਕੀਤੀ ਤਾਂ ਉਹਨਾਂ ਖਿਲਾਫ ਸਖਤ ਵਿਭਾਗੀ ਕਾਰਵਾਈ ਲਈ ਲਿਖਿਆ ਜਾਵੇਗਾ। ਉਹਨਾਂ ਕਿਹਾ ਕਿ ਅੱਜ ਦੇ ਦੌਰੇ ਦੌਰਾਨ ਵੀ ਜੋ ਊਣਤਾਈਆਂ ਸਾਹਮਣੇ ਆਈਆਂ ਹਨ ਉਹਨਾਂ ਨੂੰ ਦੂਰ ਕਰਨ ਲਈ ਸਿਵਲ ਸਰਜਨ ਨੂੰ ਲਿਖਿਆ ਜਾਵੇਗਾ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਲੋਕਾਂ ਨੂੰ ਮਿਆਰੀ ਅਤੇ ਮੁਫਤ ਇਲਾਜ ਸਹੂਲਤ ਬਿਨਾਂ ਕਿਸੇ ਖੱਜਲ ਖੁਵਾਰੀ ਦੇ ਮਿਲ ਸਕਣ।

**ਲੇਖ ਅਤੇ ਕਵਿਤਾਵਾਂ ਵਿਚਲੇ ਵਿਚਾਰ ਲੇਖਕ ਜਾਂ ਕਵੀ ਦੇ ਨਿੱਜੀ ਵਿਚਾਰ ਹਨ ਜਿਸ ਨਾਲ ਅਦਾਰਾ ਫਤਿਹ ਟਾਈਮਜ਼ ਦੇ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ।**

# ਪੈਸਾ ਕਮਾਉਣ ਦਾ ਕੋਈ ਛੋਟਾ ਰਾਹ ਨਹੀਂ ਹੁੰਦਾ!

(ਲਵੀਵਾਰ ਲੇਖ ਕਿਸ਼ਤ 2) ਭੂਮਿਕਾ ਨਿਭਾਉਂਦੇ ਹਨ। ਇਸਦੇ ਉਲਟ ਛੋਟੇ ਰਾਹ ਲੱਭਣ ਵਾਲੇ ਲੋਕ ਅਕਸਰ ਇਨ੍ਹਾਂ ਚੁਣੌਤੀਆਂ ਲਈ ਤਿਆਰ ਨਹੀਂ ਹੁੰਦੇ, ਜਿਸ ਕਾਰਨ ਉਨ੍ਹਾਂ ਨੂੰ ਵੱਡੇ ਆਰਥਿਕ ਨੁਕਸਾਨ ਅਤੇ ਅਸਥਿਰਤਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਯੋਜਨਾ ਅਤੇ ਆਰਥਿਕ ਗਿਆਨ: ਪੈਸਾ ਕਮਾਉਣ ਲਈ ਯੋਜਨਾਬੰਦੀ ਅਤੇ ਆਰਥਿਕ ਗਿਆਨ ਬਹੁਤ ਜ਼ਰੂਰੀ ਹਨ। ਪੈਸੇ ਦੀ ਸਮਝ—ਬਜਟ ਬਣਾਉਣਾ, ਬਚਤ ਕਰਨੀ, ਨਿਵੇਸ਼ ਕਰਨਾ ਅਤੇ ਕਰਜ਼ੇ ਦਾ ਪ੍ਰਬੰਧਨ—ਆਰਥਿਕ ਕਾਮਯਾਬੀ ਦੀ ਬੁਨਿਆਦ ਹੈ। ਜੋ ਲੋਕ ਆਰਥਿਕ ਸਿੱਖਿਆ ਸਿੱਖਣ ਵਿੱਚ ਸਮਾਂ ਲਗਾਉਂਦੇ ਹਨ, ਉਹ ਆਪਣੇ ਵਿੱਤੀ ਟੀਚਿਆਂ ਬਾਰੇ ਸੋਚ-ਸਮਝ ਕੇ ਫ਼ੈਸਲੇ ਲੈ ਸਕਦੇ ਹਨ।

ਨਿਵੇਸ਼ ਇਸਦੀ ਸਭ ਤੋਂ ਵਧੀਆ ਉਦਾਹਰਨ ਹੈ। ਕੁਝ ਲੋਕ ਤੇਜ਼ ਮੁਨਾਫੇ ਦੀ ਆਸ ਵਿੱਚ ਉੱਚ ਜੋਖ਼ਮ ਵਾਲੇ ਨਿਵੇਸ਼ ਕਰਦੇ ਹਨ, ਜਦਕਿ ਤਜਰਬੇਕਾਰ ਨਿਵੇਸ਼ਕ ਵਿਭਿੰਨਤਾ



ਅਤੇ ਲੰਬੇ ਸਮੇਂ ਦੀ ਵਿਕਾਸ ਰਣਨੀਤੀ ਦੀ ਮਹੱਤਤਾ ਨੂੰ ਸਮਝਦੇ ਹਨ। ਉਹ ਜਾਣਦੇ ਹਨ ਕਿ ਦੌਲਤ ਬਣਾਉਣ ਦੀ ਪ੍ਰਕਿਰਿਆ ਹੌਲੀ-ਹੌਲੀ ਹੁੰਦੀ ਹੈ ਅਤੇ ਇਸ ਲਈ ਬਾਜ਼ਾਰ ਦੇ ਰੁਝਾਨਾਂ ਅਤੇ ਆਰਥਿਕ ਸਿਧਾਂਤਾਂ ਦੀ ਜਾਣਕਾਰੀ ਲੋੜੀਂਦੀ ਹੈ।

ਮਨੋਭਾਵ (ਮਾਈਂਡਸੈਟ): ਪੈਸਾ ਕਮਾਉਣ ਦੀ ਯਾਤਰਾ ਵਿੱਚ ਮਨੋਭਾਵ ਬਹੁਤ ਅਹਿਮ ਭੂਮਿਕਾ ਨਿਭਾਉਂਦਾ ਹੈ। ਵਿਕਾਸਸ਼ੀਲ ਮਨੋਭਾਵ ਇਹ ਵਿਸ਼ਵਾਸ ਪੈਦਾ ਕਰਦਾ ਹੈ ਕਿ ਹੁਨਰ ਅਤੇ ਬੁੱਧੀ ਮਿਹਨਤ ਅਤੇ ਸਮਰਪਣ ਨਾਲ ਵਿਕਸਤ ਕੀਤੀ ਜਾ ਸਕਦੀ ਹੈ। ਇਹ ਵਿਅਕਤੀ ਨੂੰ ਚੁਣੌਤੀਆਂ ਸਵੀਕਾਰ ਕਰਨ ਅਤੇ ਅਸਫਲਤਾਵਾਂ ਨੂੰ ਸਿੱਖਣ ਦੇ ਮੌਕੇ ਵਜੋਂ ਦੇਖਣ ਲਈ ਪ੍ਰੇਰਿਤ ਕਰਦਾ ਹੈ।

ਇਸਦੇ ਉਲਟ, ਭੌਤਿਕਵਾਦੀ ਮਨੋਭਾਵ ਵਿਅਕਤੀ ਨੂੰ ਮਿਹਨਤ ਤੋਂ ਬਚਣ ਲਈ ਸ਼ਾਰਟਕੱਟ ਲੱਭਣ ਵੱਲ ਧੱਕਦਾ ਹੈ। ਇਹ ਰਵੱਈਆ ਨਾ ਸਿਰਫ਼ ਆਰਥਿਕ ਕਾਮਯਾਬੀ ਦੇ ਮੌਕੇ ਘਟਾਉਂਦਾ ਹੈ, ਸਗੋਂ ਨਿੱਜੀ ਵਿਕਾਸ ਅਤੇ ਆਤਮਿਕ ਸੰਤੁਸ਼ਟੀ ਤੋਂ ਵੀ ਦੂਰ ਕਰਦਾ ਹੈ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਪੈਸਾ ਕਮਾਉਣ ਦਾ ਕੋਈ ਛੋਟਾ ਰਾਹ ਨਹੀਂ ਹੁੰਦਾ ਕਿਉਂਕਿ ਇਹ ਇੱਕ ਖ਼ਤਰਨਾਕ ਮਨੋਵਿਗਿਆਨਕ ਹਾਲਤ ਹੈ ਜੋ ਮਨੁੱਖ ਨੂੰ ਗਲਤ ਰਸਤੇ ‘ਤੇ ਲੈ ਜਾ ਸਕਦੀ ਹੈ। ਟਿਕਾਊ ਦੌਲਤ ਮਿਹਨਤ, ਧੀਰਜ, ਯੋਜਨਾਬੰਦੀ ਅਤੇ ਆਰਥਿਕ ਗਿਆਨ ‘ਤੇ ਆਧਾਰਿਤ ਹੁੰਦੀ ਹੈ। ਤੁਰੰਤ ਦੌਲਤ ਦੀ ਲਾਲਸਾ ਭਾਵੇਂ ਆਕਰਸ਼ਕ ਲੱਗੇ, ਪਰ ਜੋ ਲੋਕ ਆਰਥਿਕ ਸਿਧਾਂਤਾਂ ਨੂੰ ਸਮਝਣ ਅਤੇ ਆਪਣੇ ਹੁਨਰ ਵਿਕਸਤ ਕਰਨ ਵਿੱਚ ਸਮਾਂ ਲਗਾਉਂਦੇ ਹਨ, ਉਹੀ ਅਖ਼ੀਰਕਾਰ ਅਸਲੀ ਕਾਮਯਾਬੀ ਹਾਸਲ ਕਰਦੇ ਹਨ। ਦੌਲਤ ਬਣਾਉਣ ਦਾ ਰਸਤਾ ਲੰਮਾ ਅਤੇ ਚੁਣੌਤੀਆਂ ਭਰਿਆ ਹੋ ਸਕਦਾ ਹੈ, ਪਰ ਇਹ ਨਿੱਜੀ ਵਿਕਾਸ ਅਤੇ ਸੰਤੁਸ਼ਟੀ ਵੀ ਪ੍ਰਦਾਨ ਕਰਦਾ ਹੈ। ਇਸ ਯਾਤਰਾ ਨਾਲ ਜੁੜੇ ਰਹਿਣਾ ਹੀ ਟਿਕਾਊ ਆਰਥਿਕ ਕਾਮਯਾਬੀ ਦਾ ਅਸਲ ਮੰਤਰ ਹੈ। (ਸਮਾਪਤ)



ਲੇਖਕ: ਸੁਰਿੰਦਰਪਾਲ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ।

# "ਪੁੱਤਰ ਵਿਛੋੜੇ ਦੇ ਗੰਮ ਉਤੇ ਭਾਰੂ ਰਿਹਾ ਦੇਸ਼ ਕੌਮ ਦਾ ਜਜ਼ਬਾ"

(ਲੜੀਵਾਰ ਲੇਖ ਕਿਸ਼ਤ 1) (ਚਲਦਾ) ਨੇ ਆਪਣੇ ਪੁੱਤਰ ਦੀ ਕੁਰਬਾਨੀ ਤੇ ਮਾਣ ਮਹਿਸੂਸ ਕੀਤਾ। ਚੜ੍ਹਦੀ ਕਲਾ ਚ ਸ਼ਹੀਦ ਦਾ ਪਰਿਵਾਰ ਇਹ ਦਰਸਾਉਂਦਾ ਹੈ ਕਿ ਉਹ ਆਪਣੀ ਨਿੱਜੀ ਪੀੜ ਨੂੰ ਕੌਮੀ ਮਾਣ ਵਿੱਚ ਕਿਵੇਂ ਬਦਲ ਲੈਂਦਾ ਹੈ। ਉਹ ਰੋਣਾ ਨਹੀਂ ਰੋਦਾ, ਅਤੇ ਟੁੱਟਦਾ ਵੀ ਨਹੀਂ। ਉਹ ਆਖਦਾ ਹੈ, ਸਾਡਾ ਸ਼ੇਰ ਪੁੱਤਰ ਮਰਿਆ ਨਹੀਂ, ਉਹ ਕੌਮ ਲਈ ਅਮਰ ਹੋ ਗਿਆ ਹੈ। ਮੈਨੂੰ ਮਾਣ ਹੈ ਕਿ ਮੈਂ ਸ਼ਹੀਦ ਪੁੱਤ ਦਾ ਪਿਉਂ ਬਣ ਗਿਆ।

ਪੁਲਵਾਮਾ ਸ਼ਹੀਦ ਕੁਲਵਿੰਦਰ ਸਿੰਘ ਦੇ ਪਿਤਾ ਜੀ ਵੀ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਪਹੁੰਚੇ ਤਾਂ ਉਨ੍ਹਾਂ ਨੂੰ ਵੀ ਸੂਬੇਦਾਰ ਬਲਵੀਰ ਸਿੰਘ ਜੀ ਉਲਟਾ ਦਿਲਾਸਾ ਦਿੰਦੇ ਆਖ ਰਹੇ ਸਨ ਕਿ ਹੁਣ ਸਾਡੇ ਪਰਿਵਾਰ ਕੋਈ ਆਮ ਪਰਿਵਾਰ ਨਹੀਂ ਸ਼ਹੀਦਾਂ ਦੇ ਪਰਿਵਾਰ ਆਖੇ ਜਾਣਗੇ।

ਸਾਡਾ ਬੱਚਾ ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤਧਾਰੀ ਸਿੰਘ ਸੀ, "ਉਹ ਬੱਬਰ ਸ਼ੇਰ ਸੀ ਸ਼ੇਰ ਨੂੰ ਲੈ ਗਏ," ਕੋਣ ਲੈ ਗਏ ਮੇਰੇ (ਲੇਖਕ ਦੇ) ਖਿਆਲ ਨਾਲ ਸ਼ਹੀਦ ਸਿੰਘ ਲੈ ਗਏ। ਸ਼ਹੀਦਾਂ ਦੀ ਕੁਰਬਾਨੀ




ਵਿਅਰਥ ਨਹੀਂ ਜਾਂਦੀ। ਸਰਬੱਤ ਦੇ ਭਲੇ ਲਈ ਹੋਈ ਸ਼ਹਾਦਤ ਮਾਣ ਹੈ। ਦੁੱਖ ਦੇ ਸਮੇਂ ਵੀ ਧੀਰਜ ਤੇ ਵਿਸ਼ਵਾਸ ਨਹੀਂ ਛੱਡਣਾ। ਇਹ ਸੋਚ ਹੋਰਾਂ ਲਈ ਹੌਸਲੇ ਦੀ ਵਿਲੱਖਣ ਮਿਸਾਲ ਬਣਦੀ ਹੈ।

ਦਸ਼ਮੇਸ਼ ਪਿਤਾ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਸਰਬੰਸ ਵਾਰ ਕੇ ਕਿਵੇਂ ਚੜ੍ਹਦੀ ਕਲਾ ਵਿੱਚ ਰਹੇ ਉਸ ਦੀ ਪ੍ਰਤੱਖ ਮਿਸਾਲ ਇਤਿਹਾਸ ਦੀ ਤਵਾਰੀਖ ਸਾਨੂੰ ਆਪ ਮੁਹਾਰੇ ਬਿਆਨ ਕਰਦੀ ਹੈ। ਚਾਰੋਂ ਲਖਤੇ ਜਿਗਰ ਸ਼ਹੀਦ ਹੋਏ ਪਰ ਗੁਰੂ ਦਸ਼ਮੇਸ਼ ਦੇ ਚਿਹਰੇ ਤੇ ਰੰਚਕ ਮਾਤਰ ਵੀ ਪਛਤਾਵਾ ਨਹੀਂ ਸੀ ਤੇ ਨਾਂ ਹੀ ਉਸ ਅਕਾਲਪੁਰਖ ਨੂੰ ਕੋਈ ਉਲਾਂਭਾ। ਸਾਡੇ ਲਈ ਇਹ ਸਭ ਕੁਝ ਸਿਰਫ਼ ਇਤਿਹਾਸਕ ਪਿਛੋਕੜ ਨਹੀਂ, ਸਗੋਂ ਵਰਤਮਾਨ ਲਈ ਪ੍ਰੇਰਣਾ ਹੈ। ਇਹ ਸਿਖਾਉਂਦਾ ਹੈ ਕਿਵੇਂ ਦੁੱਖ ਵਿੱਚ ਵੀ ਗੁਰੂ ਮਰਿਆਦਾ ਕਾਇਮ ਰੱਖੀ ਜਾਵੇ।

ਕੁਰਬਾਨੀ ਨੂੰ ਕਮਜ਼ੋਰੀ ਨਹੀਂ, ਤਾਕਤ ਬਣਾਇਆ ਜਾਵੇ। ਆਉਣ ਵਾਲੀਆਂ ਪੀੜ੍ਹੀਆਂ ਲਈ ਬੇਮਿਸਾਲ ਮਾਣ ਵਾਲੀ ਵਿਰਾਸਤ ਪੇਸ਼ ਕੀਤੀ ਜਾਵੇ, ਤਾਂ ਜੋ ਰਹਿੰਦੀ ਦੁਨੀਆਂ ਤੱਕ ਕੌਮ ਆਪਣੇ ਸ਼ਹੀਦਾਂ ਨੂੰ ਗੋਰਵਮਈ ਢੰਗ ਨਾਲ ਯਾਦ ਕਰਦੀ ਰਹੇ।

"ਬੋਲੇ ਸੋ ਨਿਹਾਲ ਸਤਿ ਸ਼੍ਰੀ ਆਕਾਲ" ਦੇ ਜੈਕਾਰਿਆਂ ਦੀ ਗੂੰਜ ਨਾਲ ਸ਼ਹੀਦ ਜੋਬਨਜੀਤ ਸਿੰਘ ਨੂੰ ਅੰਤਿਮ ਵਿਦਾਈ ਦੇਣ ਵਾਲੇ ਪਿਤਾ ਸੂਬੇਦਾਰ ਸ.ਬਲਵੀਰ ਸਿੰਘ ਅਤੇ ਮਾਤਾ ਹਰਵਿੰਦਰ ਕੌਰ ਜੀ ਮਨੁੱਖੀ ਆਤਮਾ ਦੀ ਉਸ ਉਚਾਈ ਦਾ ਪ੍ਰਗਟਾਵਾ ਕਰਦੇ ਹਨ, ਜਿੱਥੇ ਪਹਾੜ ਜਿੱਡਾ ਦੁਖਾਂਤ ਵੀ ਹਾਰ ਮੰਨ ਲੈਂਦਾ ਹੈ। ਪਿਤਾ ਦਸ਼ਮੇਸ਼ ਦਾ ਖਾਲਸਾ ਦੁੱਖ ਦੀ ਘੜੀ ਵਿੱਚ ਵੀ ਕਿਵੇਂ ਚੜ੍ਹਦੀ ਕਲ੍ਹਾ ਦਾ ਪ੍ਰਮਾਣ ਪੇਸ਼ ਕਰਦਾ ਹੈ ਉਹ ਖਾਲਸਾ ਅਜੇ ਵੀ ਆਨੰਦਪੁਰ ਸਾਹਿਬ ਦੀ ਧਰਤੀ ਤੇ ਜਿਉਂਦਾ ਹੈ। ਗੁਰਸਿੱਖ ਕੌਮ ਦੀ ਸੋਚ, ਸਬਰ ਅਤੇ ਅਡਿੱਗ ਵਿਸ਼ਵਾਸ ਦਾ ਪ੍ਰਤੀਕ ਉਹ ਖਾਲਸਾ ਸਮੇਂ ਸਮੇਂ ਤੇ ਆਪਣੀ ਦੇਸ਼ ਭਗਤੀ ਅਤੇ ਕੌਮੀ ਸੂਰਮਗਤੀ ਦਾ ਪ੍ਰਮਾਣ ਪੇਸ਼ ਕਰਦਾ ਰਹੇਗਾ।

22 ਫ਼ਰਵਰੀ 2026 ਨੂੰ ਸ਼ਹੀਦ ਹੋਏ ਸਮੂਹ ਫ਼ੌਜੀ ਸੈਨਿਕਾਂ ਨੂੰ ਕੋਟਾਨ ਕੋਟ ਪ੍ਰਣਾਮ ਅਤੇ ਜ਼ਖ਼ਮੀ ਜਵਾਨਾਂ ਦੀ ਸਿਹਤਯਾਬੀ ਲਈ ਅਕਾਲਪੁਰਖ ਦੇ ਚਰਨਾਂ ਵਿੱਚ ਅਰਦਾਸ।

ਲਿਖਤ: ਬਲਜੀਤ ਸਿੰਘ ਅਸਮਾਨਪੁਰ
ਸ੍ਰੀ ਆਨੰਦਪੁਰ ਸਾਹਿਬ।
ਮੋਬ: 9478909080

ਹੱਕ ਸੱਚ ਦੀ ਆਵਾਜ਼ ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ਮੋ; 99885-37575

# ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਮੌਕੇ ਗੋਨਿਆਣਾ ਮੰਡੀ ਵਿੱਚ ਸ਼ਰਧਾ ਤੇ ਸੇਵਾ ਦਾ ਮਹਾਂਕੁੰਭ




ਗੋਨਿਆਣਾ ਮੰਡੀ, 31 ਜਨਵਰੀ (ਗੋਲਡੀ ਮੱਕੜ) ਸਮਾਜਿਕ ਬਰਾਬਰੀ, ਮਨੁੱਖਤਾ ਅਤੇ ਭਾਈਚਾਰੇ ਦੇ ਮਹਾਨ ਪ੍ਰੇਰਕ ਸ੍ਰੀ ਗੁਰੂ ਰਵਿਦਾਸ ਜੀ ਦੇ ਪਾਵਨ ਜਨਮ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਅੱਜ ਗੋਨਿਆਣਾ ਮੰਡੀ ਵਿੱਚ ਵਿਸ਼ਾਲ ਅਤੇ ਸ਼ਾਨਦਾਰ ਨਗਰ ਕੀਰਤਨ ਕੱਢਿਆ ਗਿਆ। ਨਗਰ ਕੀਰਤਨ ਨੇ ਪੂਰੇ ਸ਼ਹਿਰ ਨੂੰ ਗੁਰੂ ਭਗਤੀ, ਸ਼ਰਧਾ ਅਤੇ ਸੇਵਾ ਦੇ ਰੰਗਾਂ ਨਾਲ ਰੰਗ ਦਿੱਤਾ।ਨਗਰ ਕੀਰਤਨ ਦੀ ਸਜਾਵਟ ਬਹੁਤ ਹੀ ਮਨਮੋਹਕ ਅਤੇ ਦਿਲ ਖਿੱਚਣ ਵਾਲੀ ਰਹੀ। ਫੁੱਲਾਂ, ਧਾਰਮਿਕ ਨਿਸ਼ਾਨਾਂ ਅਤੇ ਰੰਗੀਨ ਬੈਨਰਾਂ ਨਾਲ ਸਜੀਆਂ ਗੱਡੀਆਂ, ਅੱਗੇ-ਅੱਗੇ ਚਲਦਾ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਵਰੂਪ ਅਤੇ ਰਸਤੇ ਭਰ ਗੂੰਜਦੇ ਗੁਰਬਾਣੀ ਦੇ ਸ਼ਬਦ ਸਾਰੇ ਮਾਹੌਲ ਨੂੰ ਆਤਮਿਕ ਸ਼ਾਂਤੀ ਨਾਲ ਭਰ ਰਹੇ ਸਨ।ਨਗਰ ਕੀਰਤਨ ਦੇ ਰਸਤੇ ਦੌਰਾਨ ਸੰਗਤ ਦੀ ਸੇਵਾ ਵਾਸਤੇ ਥਾਂ-ਥਾਂ ਲੰਗਰਾਂ ਦਾ ਵਿਸ਼ਾਲ ਪ੍ਰਬੰਧ ਕੀਤਾ ਗਿਆ। ਗਰਲਜ਼ ਸਕੂਲ ਦੇ ਨੇੜੇ ਸੁਖਜੀਤ ਪਾਲ ਵੱਲੋਂ ਦੁੱਧ ਦਾ ਲੰਗਰ ਲਗਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਪ੍ਰਸਾਦ ਛਕਿਆ। ਇਸ ਮੌਕੇ ਵਰਿੰਦਰ ਪਾਲ, ਨਰਿੰਦਰ ਸਿੰਘ, ਅਮਰਜੀਤ ਸਿੰਘ ਜੀਦਾ ਫਲੈਕਸ ਅਤੇ ਸ਼ਰਮਾ ਜੀ ਵੱਲੋਂ ਤਨ, ਮਨ ਅਤੇ ਧਨ ਨਾਲ ਨਿਸ਼ਕਾਮ ਸੇਵਾ ਕਰਵਾਈ ਗਈ, ਜਿਸ ਦੀ ਸੰਗਤ ਵੱਲੋਂ ਭਰਪੂਰ ਸਰਾਹਣਾ ਕੀਤੀ ਗਈ।ਨਗਰ ਕੀਰਤਨ ਦੌਰਾਨ ਸ੍ਰੀ ਗੁਰੂ ਰਵਿਦਾਸ ਜੀ ਦੇ ਉਪਦੇਸ਼ਾਂ—ਬਰਾਬਰੀ, ਸੱਚਾਈ ਅਤੇ ਮਨੁੱਖਤਾ—ਨੂੰ ਯਾਦ ਕਰਦਿਆਂ ਸਮਾਜ ਵਿੱਚ ਆਪਸੀ ਪਿਆਰ ਅਤੇ ਸਾਂਝ ਦਾ ਸੰਦੇਸ਼ ਦਿੱਤਾ ਗਿਆ। ਸੰਗਤ ਨੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਨਾ ਸਿਰਫ਼ ਧਾਰਮਿਕ ਆਸਥਾ ਨੂੰ ਮਜ਼ਬੂਤ ਕਰਦੇ ਹਨ, ਸਗੋਂ ਸਮਾਜ ਨੂੰ ਇਕ ਧਾਗੇ ਵਿੱਚ ਪਰੋਣ ਦਾ ਕੰਮ ਵੀ ਕਰਦੇ ਹਨ।ਅੰਤ ਵਿੱਚ ਨਗਰ ਕੀਰਤਨ ਸ਼ਾਂਤੀਪੂਰਵਕ ਸੰਪੰਨ ਹੋਇਆ ਅਤੇ ਸੰਗਤ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਮਾਰਗ ‘ਤੇ ਚਲਣ ਦਾ ਸੰਕਲਪ ਲਿਆ ਗਿਆ।

# ਅਧਿਆਤਮਿਕ ਸ਼ਾਂਤੀ ਦਾ ਮਾਰਗ ਕਵਿਤਾ ਅਤੇ ਸਟੋਤਰ: ਡਾ. ਸਾਗਰ ਮੁਨੀ ਸ਼ਾਸਤਰੀ



ਅੰਮ੍ਰਿਤਸਰ, 30 ਜਨਵਰੀ (ਪ ਪ) ਭਜਨ ਅਤੇ ਆਰਤੀਆਂ ਨੂੰ ਭਗਤੀ ਦਾ ਸਾਧਨ ਮੰਨਿਆ ਜਾਂਦਾ ਹੈ। ਇਨ੍ਹਾਂ ਰਾਹੀਂ ਮਨੁੱਖੀ ਮਨ ਪਰਮਾਤਮਾ ਪ੍ਰਤੀ ਭਗਤੀ ਵਿੱਚ ਅਡੋਲ ਹੋ ਜਾਂਦਾ ਹੈ। ਜੈ ਕ੍ਰਿਸ਼ਨ ਸੰਪਰਦਾ ਪੰਜ ਅਵਤਾਰਾਂ ਦੀ ਪੂਜਾ ਕਰਦੀ ਹੈ, ਜਿਨ੍ਹਾਂ ਵਿੱਚੋਂ ਇੱਕ ਸ਼੍ਰੀ ਦੱਤਾਤ੍ਰੇਯ ਮਹਾਰਾਜ ਹਨ। ਚੌਕ ਪਾਸੀਆਂ ਵਿੱਚ ਸਥਿਤ ਅਧਿਆਤਮਿਕ ਕੇਂਦਰ ਮੰਦਰ ਸ਼੍ਰੀ ਜੈ ਕ੍ਰਿਸ਼ਨ ਵਿਖੇ, ਮੰਦਿਰ ਦੇ ਨਿਰਦੇਸ਼ਕ, ਨੌਜਵਾਨ ਸੰਤ ਡਾ. ਦਰਸ਼ਨਾਚਾਰੀਆ ਸਾਗਰ ਮੁਨੀ ਸ਼ਾਸਤਰੀ ਦੁਆਰਾ ਗਾਇਆ ਗਿਆ ਭਜਨ "ਸ਼੍ਰੀ ਦੱਤ ਸਤਵਨ" ਸਮਾਜ ਸੇਵਕਾ ਅੰਜਨਾ ਲੂਥਰਾ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ। ਇਸ ਮਰਾਠੀ ਮੰਦਿਰ ਦੇ ਸਾਰੇ ਸ਼ਰਧਾਲੂਆਂ ਨੇ ਪ੍ਰਕਾਸ਼ਨ ਸਮਾਰੋਹ 'ਤੇ ਸ਼ਾਸਤਰੀ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਮੌਜੂਦ ਸ਼ਰਧਾਲੂਆਂ ਨੂੰ ਸੰਬੋਧਨ ਕਰਦਿਆਂ ਸ਼ਾਸਤਰੀ ਨੇ ਕਿਹਾ, "ਇਹ ਜੈ ਕ੍ਰਿਸ਼ਨ ਸੰਪਰਦਾ ਦੀ ਇੱਕ ਮਸ਼ਹੂਰ ਮਰਾਠੀ ਕਵਿਤਾ ਹੈ।" ਭਗਤੀ ਦੇ ਹਿੰਦੂ ਮਾਰਗ ਵਿੱਚ ਭਜਨ ਅਤੇ ਆਰਤੀਆਂ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਪ੍ਰਾਚੀਨ ਸਾਹਿਤ ਵਿੱਚ, ਅਸੀਂ ਦੇਖਦੇ ਹਾਂ ਕਿ ਸਾਡੇ ਸੰਤਾਂ ਨੇ ਪਰਮਾਤਮਾ ਦੀ ਉਸਤਤ ਅਤੇ ਪ੍ਰਾਰਥਨਾ ਦੇ ਰੂਪ ਵਿੱਚ ਕਈ ਭਜਨ, ਆਰਤੀਆਂ ਅਤੇ ਕਵਿਤਾਵਾਂ ਦੀ ਰਚਨਾ ਕੀਤੀ ਹੈ। ਉਦਘਾਟਨ ਸਮਾਰੋਹ ਵਿੱਚ, ਮੰਦਰ ਵਿੱਚ ਸਥਿਤ ਪ੍ਰਾਚੀਨ ਸ਼੍ਰੀ ਚੱਕਰਧਰ ਮਹਾਰਾਜ ਜੀ ਦੇ ਵਿਸ਼ੇਸ਼ ਦੇਵਤੇ ਨੂੰ ਇੱਕ ਰਵਾਇਤੀ ਵਿੜਾ ਸਮਰਪਿਤ ਕੀਤਾ ਗਿਆ। ਇਸ ਸਮਾਗਮ ਵਿੱਚ ਮੰਦਰ ਦੇ ਮੁੱਖ ਵਰਕਰ, ਸਮਾਜ ਸੇਵਿਕਾ ਅੰਜਨਾ ਲੂਥਰਾ, ਗੌਤਮ ਸਰੀਨ, ਨੀਲਮ ਮਹਾਜਨ, ਰਾਕੇਸ਼ ਮਹਾਜਨ, ਅਮਿਤ ਸ਼ਿੰਗਾਰੀ, ਅਰੁਣ ਚੌਹਾਨ, ਦੇਵ ਦਾਸ, ਅਰੁਣ, ਸ਼ੁਭ ਸਰੀਨ, ਅਤੇ ਹੋਰ ਸ਼ਰਧਾਲੂ ਅਤੇ ਸੰਤ ਮੌਜੂਦ ਸਨ।

ਦਰਸ਼ਨ ਬੇਕਰੀ
ਮੇਨ ਰੋਡ ਫਤਿਆਬਾਦ, (ਤਰਨ ਤਾਰਨ)
ਇਥੋਂ ਕੇਕ,ਪੇਸਟੀਆਂ,ਹਰ ਤਰਾਂ ਦੇ ਬਿਸਕੁਟ,ਸੂਜੀ ਰਸ ,ਪੈਟੀਆਂ,ਕਰੀਮ ਰੋਲ ਹਰ ਸਮੇਂ ਤਿਆਰ ਲਵੋ ।

ਕੁਲਜੀਤ ਸਿੰਘ ਲਾਡੀ
ਸੰਪਰਕ : 98721-51544, 98559-21544


(M) 97819-55016
ਬਲਬੀਰ ਸਿੰਘ
ਟਾਈਫਾਇਡ, ਸਰਵਾਈਕਲ, ਲੀਵਰ ਫੈਟੀ, ਲੱਤਾਂ ਬਾਹਵਾਂ ਦੀਆਂ ਦਰਦਾਂ ਆਦਿ ਹਰ ਬਿਮਾਰੀ ਦਾ ਇਲਾਜ ਗਰੰਟੀ ਨਾਲ ਕੀਤਾ ਜਾਂਦਾ ਹੈ ।
ਗੋਇੰਦਵਾਲ ਰੋਡ, ਨੇੜੇ ਬੱਚੜੇ ਵਾਲੀ ਖੂਹੀ, ਤਰਨ ਤਾਰਨ

# ਪੰਜਾਬ ਦੌਰੇ ਤੇ ਆਏ ਪ੍ਰਧਾਨ ਮੰਤਰੀ ਅਟਾਰੀ ਵਾਘਾ ਸਰਹੱਦ ਰਾਹੀਂ ਆਪਸੀ ਵਿਉਪਾਰ ਮੁੜ ਸ਼ੁਰੂ ਕਰਨ ਦਾ ਐਲਾਨ ਕਰ ਕੇ ਵਪਾਰੀ ਵਰਗ ਨੂੰ ਰਾਹਤ ਦੇਣ : ਰਜਿੰਦਰ ਸਿੰਘ ਮਰਵਾਹਾ




ਅੰਮ੍ਰਿਤਸਰ, 31 ਜਨਵਰੀ (ਪ ਪ) ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਪੰਜਾਬ ਦੇ ਚੇਅਰਮੈਨ ਰਜਿੰਦਰ ਸਿੰਘ ਮਰਵਾਹਾ ਨੇ ਪੰਜਾਬ ਦੌਰੇ ਤੇ ਆਏ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਪਾਸੋਂ ਇਹ ਜ਼ੋਰਦਾਰ ਮੰਗ ਕੀਤੀ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਬੰਦ ਅਟਾਰੀ ਵਾਘਾ ਸਰਹੱਦ ਨੂੰ ਖੋਲ੍ਹਣ ਦਾ ਐਲਾਨ ਕਰਕੇ ਵਪਾਰੀ ਅਤੇ ਕਾਰੋਬਾਰੀ ਵਰਗ ਨੂੰ ਰਾਹਤ ਦੇਣ। ਰਜਿੰਦਰ ਸਿੰਘ ਮਰਵਾਹਾ ਦੀ ਪ੍ਰਧਾਨਗੀ ਹੇਠ ਹੋਈ ਇਕੱਤਰ ਹੋਏ ਸੁਖਵਿੰਦਰ ਸਿੰਘ ਕੋਹਲੀ, ਹਰਪਾਲ ਸਿੰਘ ਆਹਲੂਵਾਲੀਆ , ਐਡਵੋਕੇਟ ਐਸ ਐਸ ਤੇਗ ,ਐਡਵੋਕੇਟ ਐਡਵੋਕੇਟ ਮਨਦੀਪ ਸਿੰਘ, ਚਰਨਜੀਤ ਸਿੰਘ ਪੂਜੀ, ,ਹਰਦੇਸ਼ ਦਵੇਸਰ, ਹਰਪ੍ਰੀਤ ਸਿੰਘ ਭਾਟੀਆ ਆਦਿ ਵਪਾਰੀ ਅਤੇ ਕਾਰੋਬਾਰੀਆਂ ਨੇ ਕੇਂਦਰ ਸਰਕਾਰ ਦੇ ਧਿਆਨ ਵਿੱਚ ਰੱਖਦਿਆਂ ਹੋਇਆਂ ਜ਼ਿਕਰ ਕੀਤਾ ਹੈ ਕਿ ਸੰਨ 2019 ਵਿੱਚ ਵਾਪਰੇ ਪੁਲਵਾਮਾ ਕਾਂਡ ਉਪਰੰਤ ਅਟਾਰੀ ਵਾਘਾ ਸਰਹੱਦ ਬੰਦ ਹੋਣ ਕਾਰਨ ਪੰਜਾਬ ਅਤੇ ਵਿਸ਼ੇਸ਼ ਕਰਕੇ ਅੰਮ੍ਰਿਤਸਰ ਦੇ ਵਪਾਰੀਆਂ ਅਤੇ ਕਾਰੋਬਾਰੀਆਂ

**ਪਿਛਲੇ ਲੰਮੇ ਸਮੇਂ ਤੋਂ ਬੰਦ ਅਟਾਰੀ ਵਾਘਾ ਸਰਹੱਦ ਨੂੰ ਖੋਲ੍ਹਣ ਦਾ ਐਲਾਨ ਕਰਕੇ ਵਪਾਰੀ ਅਤੇ ਕਾਰੋਬਾਰੀ ਵਰਗ ਨੂੰ ਰਾਹਤ ਦੇਣ।**

ਦਾ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਮੱਧ ਪੂਰਬੀ ਦੇਸ਼ਾਂ ਨਾਲ ਵਪਾਰ ਤਕਰੀਬਨ ਠੱਪ ਹੈ। ਪਹਿਲਗਾਮ ਘਟਨਾ ਉਪਰੰਤ ਅਫ਼ਗਾਨਿਸਤਾਨ ਨਾਲ ਹੁੰਦਾ ਸੀਮਤ ਵਪਾਰ ਵੀ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਹੈ। ਵਪਾਰਿਕ ਸਰਗਰਮੀਆਂ ਬੰਦ ਹੋਣ ਕਾਰਨ ਇਕੱਲੇ ਅੰਮ੍ਰਿਤਸਰ ਦੇ ਵਪਾਰੀਆਂ ਨੂੰ ਤਕਰੀਬਨ 4000 ਕਰੋੜ ਰੁਪਏ ਦਾ ਸਾਲਾਨਾ ਨੁਕਸਾਨ ਝੱਲਣਾ ਪੈ ਰਿਹਾ ਹੈ। ਸੋ ਪ੍ਰਧਾਨ ਮੰਤਰੀ ਪਾਸੋਂ ਮੰਗ ਹੈ ਕਿ ਅਟਾਰੀ ਵਾਘਾ ਬਾਰਡਰ ਖੋਲ੍ਹ ਦਿੱਤਾ ਜਾਵੇ। ਇਸ ਨਾਲ ਅੰਤਰਰਾਸ਼ਟਰੀ ਚੈੱਕ ਪੋਸਟ ਅਟਾਰੀ ਵੀ ਕਾਰਜਸ਼ੀਲ ਹੋ ਜਾਵੇਗੀ। ਪ੍ਰਧਾਨ ਮੰਤਰੀ ਪੰਜਾਬ ਦੇ ਤਬਾਹੀ ਕੰਢੇ ਪਹੁੰਚ ਚੁੱਕੇ ਉਦਯੋਗਾਂ ਨੂੰ ਪੈਰਾਂ ਸਿਰ ਕਰਨ ਲਈ ਗਵਾਂਢੀ ਪਹਾੜੀ ਰਾਜਾਂ ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਜੰਮੂ ਕਸ਼ਮੀਰ ਦੀ ਤਰਜ ਤੇ ਟੈਕਸ ਰਿਆਇਤਾਂ ਦੇਣ ਦਾ ਐਲਾਨ ਵੀ ਕਰਨ। ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਦੇ ਮੈਂਬਰਾਂ ਨੇ ਪ੍ਰਧਾਨ ਮੰਤਰੀ ਪਾਸੋਂ ਇਹ ਮੰਗ ਵੀ ਕੀਤੀ ਹੈ ਕਿ ਕਰਜ਼ੇ ਦੇ ਭਾਰ ਹੇਠ ਲਤਾੜੇ ਪੰਜਾਬ ਨੂੰ ਰਾਹਤ ਦੇਣ ਲਈ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਆਰਥਿਕ ਪੈਕੇਜ ਦਿੱਤਾ ਜਾਵੇ। ਮੌਜੂਦਾ ਸਮੇਂ ਪੰਜਾਬ ਦੇ ਆਰਥਿਕ ਸੋਮੇਂ ਕਰਜ਼ੇ ਦੇ ਵਿਆਜ ਤੇ ਹੀ ਖਰਚ ਹੋ ਰਹੇ ਹਨ ਤੇ ਪੰਜਾਬ ਆਰਥਿਕ ਖੜੋਤ ਦਾ ਸ਼ਿਕਾਰ ਹੈ। ਇਸ ਆਰਥਿਕ ਮੰਦੇ ਹਾਲ ਵਿੱਚੋਂ ਪੰਜਾਬ ਨੂੰ ਕੱਢਣ ਲਈ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਵਿਸ਼ੇਸ਼ ਆਰਥਿਕ ਮਦਦ ਦੇਣੀ ਪੰਥਕ ਦੀ ਪ੍ਰਥਮ ਜ਼ਰੂਰਤ ਹੈ ਜੋ ਕੇਂਦਰੀ ਸਰਕਾਰ ਨੂੰ ਪੂਰੀ ਕਰਨੀ ਚਾਹੀਦੀ ਹੈ।

# ਸਰਕਾਰੀ ਅਧਿਕਾਰੀ ਵੱਲੋਂ ਪ੍ਰਾਈਵੇਟ ਗੱਡੀ ‘ਤੇ ਪੰਜਾਬ ਸਰਕਾਰ ਦਾ ਲੋਗੋ ਅਤੇ ਲਾਈਟ ਲਗਾਉਣ ਦਾ ਮਾਮਲਾ ਬੇਨਕਾਬ




ਅੰਮ੍ਰਿਤਸਰ 31 ਜਨਵਰੀ (ਹਰਪਾਲ ਸਿੰਘ) ਨਿਯਮ 108 ਸੈਂਟਰਲ ਮੋਟਰ ਵ੍ਹੀਕਲ ਐਕਟ ਨਿਯਮ 1989 ਦੀ ਖੁੱਲ੍ਹੀ ਉਲੰਘਣਾ ਦਾ ਇੱਕ ਗੰਭੀਰ ਮਾਮਲਾ ਅੰਮ੍ਰਿਤਸਰ ਤੋਂ ਸਾਹਮਣੇ ਆਇਆ ਹੈ, ਜਿੱਥੇ ਪੰਜਾਬ ਸਰਕਾਰ ਦੇ ਐਕਸਾਈਜ਼ ਐਂਡ ਟੈਕਸੇਸ਼ਨ ਵਿਭਾਗ ਦੇ ਆਡਿਟ ਵਿਭਾਗ ਦੇ ਅਧਿਕਾਰੀ ਵੱਲੋਂ ਆਪਣੀ ਪ੍ਰਾਈਵੇਟ ਗੱਡੀ ‘ਤੇ ਪੰਜਾਬ ਸਰਕਾਰ ਦਾ ਲੋਗੋ ਅਤੇ ਲਾਈਟ ਲਗਾ ਕੇ ਖੁੱਲ੍ਹੇਆਮ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਇਸ ਸਬੰਧੀ ਸ਼ਿਕਾਇਤਕਰਤਾ ਵੱਲੋਂ ਸੀਐਮ ਪੋਰਟਲ ‘ਤੇ ਵਿਧੀਵਤ ਸ਼ਿਕਾਇਤ ਦਰਜ ਕਰਵਾਈ ਗਈ ਸੀ, ਜਿਸ ਵਿੱਚ ਸਪਸ਼ਟ ਤੌਰ ‘ਤੇ ਜ਼ਿਕਰ ਕੀਤਾ ਗਿਆ ਹੈ ਕਿ ਅੰਮ੍ਰਿਤਸਰ ਵਿੱਚ ਤਾਇਨਾਤ ਏਟੀਸੀ ਆਡਿਟ ਵਿਭਾਗ ਦੀ ਅਧਿਕਾਰੀ ਵੱਲੋਂ ਆਪਣੇ ਨਿੱਜੀ ਵਾਹਨ ‘ਤੇ ਪੰਜਾਬ ਸਰਕਾਰ ਦਾ ਲੋਗੋ ਅਤੇ ਲਾਈਟ ਲਗਾਈ ਹੋਈ ਹੈ।

20 ਦਸੰਬਰ 2025 ਨੂੰ ਦਰਜ ਕਰਵਾਈ ਗਈ ਸ਼ਿਕਾਇਤ ਬਾਰੇ ਸ਼ਿਕਾਇਤਕਰਤਾ ਸ੍ਰੀ ਸਿਨੀਤ ਗੁਪਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਵੱਲੋਂ ਮਿਤੀ 20-12-2025 ਨੂੰ ਸੀਐਮ ਪੋਰਟਲ ‘ਤੇ ਸ਼ਿਕਾਇਤ ਦਰਜ ਕਰਵਾਈ ਗਈ ਸੀ, ਜਿਸ ਵਿੱਚ ਸਪਸ਼ਟ ਰੂਪ ਵਿੱਚ ਲਿਖਿਆ ਗਿਆ ਕਿ ਅੰਮ੍ਰਿਤਸਰ ਵਿੱਚ ਤਾਇਨਾਤ ਏਟੀਸੀ ਆਡਿਟ ਵਿਭਾਗ ਵੱਲੋਂ ਆਪਣੇ ਪ੍ਰਾਈਵੇਟ ਵਹੀਕਲ ‘ਤੇ ਗਵਰਨਮੈਂਟ ਆਫ ਪੰਜਾਬ ਦਾ ਲੋਗੋ ਅਤੇ ਲਾਈਟ ਲਗਾ ਕੇ ਕਾਨੂੰਨ ਦੀ ਸਿੱਧੀ ਉਲੰਘਣਾ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਮੋਟਰ ਵਹੀਕਲ ਐਕਟ ਦੇ ਅਨੁਸਾਰ ਕੋਈ ਵੀ ਸਰਕਾਰੀ ਅਧਿਕਾਰੀ, ਭਾਵੇਂ ਉਹ ਕਿਸੇ ਵੀ ਉੱਚ ਅਹੁਦੇ ‘ਤੇ ਤਾਇਨਾਤ ਹੋਵੇ, ਆਪਣੀ ਪ੍ਰਾਈਵੇਟ ਗੱਡੀ ‘ਤੇ ਨਾ ਤਾਂ ਸਰਕਾਰ ਦਾ ਲੋਗੋ ਲਗਾ ਸਕਦਾ ਹੈ ਅਤੇ ਨਾ ਹੀ ਲਾਲ ਜਾਂ ਨੀਲੀ ਬੱਤੀ ਦੀ ਵਰਤੋਂ ਕਰ ਸਕਦਾ ਹੈ।

ਈਟੀਓ ਨੂੰ ਵੀ ਦਿੱਤੀ ਗਈ ਜਾਣਕਾਰੀ–

ਸ਼ਿਕਾਇਤਕਰਤਾ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਅੰਮ੍ਰਿਤਸਰ ਦੇ ਈਟੀਓ (ਐਕਸਾਈਜ਼ ਐਂਡ ਟਕਸੇਸ਼ਨ ਆਫਿਸਰ) ਨੂੰ ਵੀ ਲਿਖਤੀ ਤੌਰ ‘ਤੇ ਜਾਣਕਾਰੀ ਦਿੱਤੀ ਗਈ ਸੀ, ਤਾਂ ਜੋ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾ ਸਕੇ।

ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਸੀਐਮ ਪੋਰਟਲ ‘ਤੇ ਭੇਜੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੰਬੰਧਿਤ ਪ੍ਰਾਈਵੇਟ ਵਾਹਨ ‘ਤੇ ਕੋਈ ਵੀ ਲੋਗੋ, ਡੈਜ਼ੀਗਨੇਸ਼ਨ ਪਲੇਟ ਜਾਂ ਲਾਈਟ ਨਹੀਂ ਲਗਾਈ ਗਈ।ਪਰ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਉੱਚ ਅਧਿਕਾਰੀ ਸਪਸ਼ਟ ਤੌਰ ‘ਤੇ ਏਟੀਸੀ ਅਧਿਕਾਰੀ ਦਾ ਬਚਾਅ ਕਰ ਰਹੇ ਹਨ, ਜਦਕਿ ਅੱਜ ਵੀ ਪ੍ਰਾਈਵੇਟ ਗੱਡੀ ਤੇ ਗਵਰਨਮੈਂਟ ਆਫ ਪੰਜਾਬ ਦਾ ਲੋਗੋ ਅਤੇ ਲਾਈਟ ਲੱਗੀ ਹੋਈ ਹੈ।

ਐਸਪੀ ਟਰੈਫਿਕ ਦਾ ਸਪਸ਼ਟ ਬਿਆਨ–

ਇਸ ਮਾਮਲੇ ਸਬੰਧੀ ਅੰਮ੍ਰਿਤਸਰ ਦੇ ਐਸਪੀ ਟਰੈਫਿਕ ਸ੍ਰੀਮਤੀ ਅਮਨਦੀਪ ਕੌਰ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਸਪਸ਼ਟ ਰੂਪ ਵਿੱਚ ਕਿਹਾ ਕਿ:

“ਕੋਈ ਵੀ ਸਰਕਾਰੀ ਅਧਿਕਾਰੀ ਆਪਣੀ ਪ੍ਰਾਈਵੇਟ ਗੱਡੀ ‘ਤੇ ਪੰਜਾਬ ਸਰਕਾਰ ਦਾ ਲੋਗੋ ਜਾਂ ਲਾਈਟ ਨਹੀਂ ਲਗਾ ਸਕਦਾ। ਇਹ ਸਿੱਧੀ ਤੌਰ ‘ਤੇ ਕਾਨੂੰਨ ਦੀ ਉਲੰਘਣਾ ਹੈ।”

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਅਜਿਹੀਆਂ ਗੱਡੀਆਂ ਦੀ ਜਾਂਚ ਕਰਕੇ ਚਲਾਨ ਕੱਟੇ ਜਾ ਰਹੇ ਹਨ, ਅਤੇ ਜੇ ਅਗਲੇ ਸਮੇਂ ‘ਚ ਵੀ ਕੋਈ ਅਜਿਹਾ ਮਾਮਲਾ ਉਨ੍ਹਾਂ ਦੇ ਧਿਆਨ ‘ਚਟ ਆਇਆ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਨਿਯਮ 108 ਅਨੁਸਾਰ ਕੀ ਹੈ ਕਾਨੂੰਨ?

ਨਿਯਮ 108 ਸੈਂਟਰਲ ਮੋਟਰ ਵ੍ਹੀਕਲ ਨਿਯਮ 1989 ਦੇ ਅਨੁਸਾਰ:

ਕਿਸੇ ਵੀ ਪ੍ਰਾਈਵੇਟ ਵਾਹਨ ‘ਤੇ ਲਾਲ, ਨੀਲੀ ਜਾਂ ਹੋਰ ਰੰਗ ਦੀ ਬੱਤੀ ਦੀ ਵਰਤੋਂ ਕਰਨਾ ਗੈਰਕਾਨੂੰਨੀ ਹੈ।

ਲਾਲ ਬੱਤੀ ਸਿਰਫ ਉੱਚ ਅਧਿਕਾਰੀਆਂ ਨੂੰ ਡਿਊਟੀ ਦੌਰਾਨ ਹੀ ਵਰਤਣ ਦੀ ਇਜਾਜ਼ਤ ਹੈ, ਅਤੇ ਨਿੱਜੀ ਦੌਰਿਆਂ ਸਮੇਂ ਇਹਨੂੰ ਕਾਲੇ-ਚਿੱਟੇ ਕਵਰ ਨਾਲ ਢੱਕਣਾ ਲਾਜ਼ਮੀ ਹੈ।

ਨੀਲੀ ਬੱਤੀ ਦੀ ਵਰਤੋਂ ਸਿਰਫ ਵਧੀਕ ਜ਼ਿਲ੍ਹਾ ਮੈਜਿਸਟਰੇਟ, ਉਪ ਮੰਡਲ ਮੈਜਿਸਟਰੇਟ ਅਤੇ ਕਾਰਜਕਾਰੀ ਮੈਜਿਸਟਰੇਟ ਨੂੰ ਹੀ ਅਧਿਕਾਰਕ ਡਿਊਟੀ ਦੌਰਾਨ ਕਰਨ ਦੀ ਮਨਜ਼ੂਰੀ ਹੈ।

ਪੰਜਾਬ-ਹਰਿਆਣਾ ਹਾਈਕੋਰਟ ਦੇ ਹੁਕਮਾਂ ਅਨੁਸਾਰ, ਕਿਸੇ ਵੀ ਪ੍ਰਾਈਵੇਟ ਵਾਹਨ ‘ਤੇ ਸਰਕਾਰ ਦਾ ਲੋਗੋ ਜਾਂ ਸਟਿਕਰ ਲਗਾਉਣਾ ਪੂਰੀ ਤਰ੍ਹਾਂ ਗੈਰਕਾਨੂੰਨੀ ਹੈ।

ਐਂਬੂਲੈਂਸ ਲਈ ਵਿਸ਼ੇਸ਼ ਛੂਟ

ਨਿਯਮ 108(1) ਦੇ ਅਨੁਸਾਰ, ਮਰੀਜ਼ਾਂ ਨੂੰ ਲਿਜਾਣ ਵਾਲੀ ਐਂਬੂਲੈਂਸ ਜਾਂ ਰੋਡ ਐਂਬੂਲੈਂਸ ਨੂੰ ਜਾਮਨੀ ਸ਼ੀਸ਼ੇ ਵਾਲੀ ਲਾਲ ਫਲੈਸ਼ ਬੱਤੀ ਵਰਤਣ ਦੀ ਇਜਾਜ਼ਤ ਹੈ, ਜੋ ਸਿਰਫ਼ ਐਮਰਜੈਂਸੀ ਦੌਰਾਨ ਹੀ ਵਰਤੀ ਜਾ ਸਕਦੀ ਹੈ।